Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 91 13/08/2025 www.samajweekly.com samajweekly @samajweekly samajweekly

# ਵੋਟਰ ਸੂਚੀਆਂ ’ਚੋਂ ਨਾਗਰਿਕਾਂ ਅਤੇ ਗੈਰ-ਨਾਗਰਿਕਾਂ ਨੂੰ ਸ਼ਾਮਲ ਕਰਨਾ ਜਾਂ ਬਾਹਰ ਰੱਖਣਾ ਭਾਰਤੀ ਚੋਣ ਕਮਿਸ਼ਨ ਦਾ ਅਧਿਕਾਰ ਖੇਤਰ: ਸੁਪਰੀਮ ਕੋਰਟ

## ਇਸ ਸਾਰੇ ਵਿਵਾਦ ਨੂੰ ਮੁੱਖ ਤੌਰ ’ਤੇ ਵਿਸ਼ਵਾਸ ਦੀ ਕਮੀ ਦਾ ਮਾਮਲਾ ਦੱਸਿਆ; ਸੁਪਰੀਮ ਕੋਰਟ ਦੇ ਡਿਵੀਜ਼ਨ ਬੈਂਚ ਨੇ ਪਟੀਸ਼ਨਰਾਂ ਦੇ ਦਾਅਵਿਆਂ ’ਤੇ ਉਠਾਏ ਸਵਾਲ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਵੋਟਰ ਸੂਚੀਆਂ ਵਿੱਚੋਂ ਨਾਗਰਿਕਾਂ ਅਤੇ ਗੈਰ-ਨਾਗਰਿਕਾਂ ਨੂੰ ਸ਼ਾਮਲ ਕਰਨਾ ਜਾਂ ਬਾਹਰ ਰੱਖਣਾ ਭਾਰਤੀ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਹੈ। ਸਰਬਉੱਚ ਕੋਰਟ ਨੇ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਨਾਲ ਜੁੜੇ ਵਿਵਾਦ ਨੂੰ ‘ਮੁੱਖ ਤੌਰ 'ਤੇ ਭਰੋਸੇ ਦੀ ਘਾਟ ਵਾਲਾ ਮੁੱਦਾ’ ਕਰਾਰ ਦਿੱਤਾ ਹੈ, ਕਿਉਂਕਿ ਭਾਰਤੀ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਸੀ ਕਿ ਕੁੱਲ 7.9 ਕਰੋੜ ਵੋਟਰ ਆਬਾਦੀ ਵਿੱਚੋਂ ਲਗਭਗ 6.5 ਕਰੋੜ ਲੋਕਾਂ ਨੂੰ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਆਪਣੇ ਜਾਂ ਆਪਣੇ ਮਾਪਿਆਂ ਲਈ ਕੋਈ ਦਸਤਾਵੇਜ਼ ਦਾਖ਼ਲ ਕਰਨ ਦੀ ਲੋੜ ਨਹੀਂ ਸੀ। ਗ਼ੌਰਲਤਬ ਹੈ ਕਿ ਸਿਖਰਲੀ ਅਦਾਲਤ ਬਿਹਾਰ ਵਿੱਚ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਵੋਟਰ ਸੂਚੀਆਂ ਦੀ ਵਿਆਪਕ ਸੋਧ ਦੀ ਕਾਰਵਾਈ ਖ਼ਿਲਾਫ਼ ਪਟੀਸ਼ਨਾਂ ਦੇ ਇੱਕ ਸਮੂਹ ਦੀ ਸੁਣਵਾਈ ਕਰ ਰਹੀ ਹੈ।



ਸੁਣਵਾਈ ਦੌਰਾਨ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੇ ਬੈਂਚ ਨੇ ਟਿੱਪਣੀ ਕੀਤੀ ਕਿ ਇਹ "ਵੱਡੇ ਪੱਧਰ 'ਤੇ ਵਿਸ਼ਵਾਸ ਦੀ ਕਮੀ ਦਾ ਮਾਮਲਾ ਜਾਪਦਾ ਹੈ, ਹੋਰ ਕੁਝ ਨਹੀਂ" ਕਿਉਂਕਿ ਬੈਂਚ ਨੇ ਪਟੀਸ਼ਨਰਾਂ ਵੱਲੋਂ ਚੋਣ ਕਮਿਸ਼ਨ ਦੇ 24 ਜੂਨ ਦੇ ਸ਼੍ਰੀ ਨੂੰ ਇਸ ਆਧਾਰ 'ਤੇ ਚੁਣੌਤੀ ਦੇਣ ਉਤੇ ਸਵਾਲ ਉਠਾਇਆ ਸੀ ਕਿ ਇਹ ਇੱਕ ਕਰੋੜ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦੇਵੇਗਾ।

ਬੈਂਚ ਨੇ ਪਟੀਸ਼ਨਰ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਨੇਤਾ ਮਨੋਜ ਝਾਅ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਕਿਹਾ, "ਜੇ 7.9 ਕਰੋੜ ਵੋਟਰਾਂ ਵਿੱਚੋਂ, 7.24 ਕਰੋੜ ਵੋਟਰਾਂ ਨੇ ਸ਼੍ਰੀ ਦਾ ਜਵਾਬ ਦਿੱਤਾ, ਤਾਂ ਇਹ ਇੱਕ ਕਰੋੜ ਵੋਟਰਾਂ ਦੇ ਲਾਪਤਾ ਜਾਂ ਵੋਟ ਤੋਂ ਵਾਂਝੇ ਹੋਣ ਦੇ ਸਿਧਾਂਤ ਨੂੰ ਤੋੜਦਾ ਹੈ।" ਸਿਖਰਲੀ ਅਦਾਲਤ ਨੇ ਚੱਲ ਰਹੀ ਕਾਰਵਾਈ ਵਿੱਚ ਨਾਗਰਿਕਤਾ ਦੇ ਫ਼ੈਸਲਾਕੁਨ ਸਬੂਤ ਵਜੋਂ ਆਧਾਰ ਅਤੇ ਵੋਟਰ ਕਾਰਡਾਂ ਨੂੰ ਸਵੀਕਾਰ ਨਾ ਕਰਨ ਦੇ ਚੋਣ ਕਮਿਸ਼ਨ ਦੇ ਫੈਸਲੇ ਨਾਲ ਵੀ ਸਹਿਮਤੀ ਜਤਾਈ ਅਤੇ ਕਿਹਾ ਕਿ ਇਸ ਦਾ ਸਮਰਥਨ ਹੋਰ ਦਸਤਾਵੇਜ਼ਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਸਿੱਬਲ ਨੇ ਦਲੀਲ ਦਿੱਤੀ ਕਿ ਆਧਾਰ, ਰਾਸ਼ਨ ਅਤੇ ਓਫੀਛ ਕਾਰਡ ਰੱਖਣ ਵਾਲੇ ਵਸਨੀਕਾਂ ਦੇ ਬਾਵਜੂਦ, ਅਧਿਕਾਰੀਆਂ ਨੇ ਦਸਤਾਵੇਜ਼ਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ’ਤੇ ਬੈਂਚ ਨੇ ਕਿਹਾ, ‘‘ਕੀ ਇਹ ਤੁਹਾਡੀ ਦਲੀਲ ਹੈ ਕਿ ਜਿਨ੍ਹਾਂ ਲੋਕਾਂ ਕੋਲ ਕੋਈ ਵੀ ਦਸਤਾਵੇਜ਼ ਨਹੀਂ ਹਨ ਪਰ ਉਹ ਬਿਹਾਰ ਵਿੱਚ ਰਹਿ ਹਨ ਅਤੇ ਇਸ ਲਈ ਉਨ੍ਹਾਂ ਨੂੰ ਸੂਬੇ ਦਾ ਵੋਟਰ ਮੰਨਿਆ ਜਾਣਾ ਚਾਹੀਦਾ ਹੈ? ਇਸਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। (ਪਰ) ਉਸਨੂੰ ਕੁਝ ਦਸਤਾਵੇਜ਼ ਦਿਖਾਉਣੇ ਜਾਂ ਜਮ੍ਹਾਂ ਕਰਨੇ ਪੈਣਗੇ।" ਜਦੋਂ ਸਿੱਬਲ ਨੇ ਕਿਹਾ ਕਿ ਲੋਕ ਆਪਣੇ ਮਾਪਿਆਂ ਦੇ ਜਨਮ ਸਰਟੀਫਿਕੇਟ ਅਤੇ ਹੋਰ ਦਸਤਾਵੇਜ਼ ਲੱਭਣ ਲਈ ਸੰਘਰਸ਼ ਕਰ ਰਹੇ ਹਨ, ਤਾਂ ਜਸਟਿਸ ਕਾਂਤ ਨੇ ਕਿਹਾ, "ਇਹ ਇੱਕ ਬਹੁਤ ਹੀ ਸਪੱਸ਼ਟ ਬਿਆਨ ਹੈ ਕਿ ਬਿਹਾਰ ਵਿੱਚ ਕਿਸੇ ਕੋਲ ਦਸਤਾਵੇਜ਼ ਨਹੀਂ ਹਨ। ਜੇ ਬਿਹਾਰ ਵਿੱਚ ਅਜਿਹਾ ਹੁੰਦਾ ਹੈ, ਤਾਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਕੀ ਹੋਵੇਗਾ?" ਵੱਖ-ਵੱਖ ਸਿਆਸੀ ਪਾਰਟੀਆਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਅਤੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਵੀ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਦੀ ਸਮਾਂ-ਸੀਮਾ ਅਤੇ 65 ਲੱਖ ਵੋਟਰਾਂ ਦੇ ਡੇਟਾ 'ਤੇ ਸਵਾਲ ਉਠਾਏ ਜਿਨ੍ਹਾਂ ਨੂੰ ਮ੍ਰਿਤਕ ਐਲਾਨਿਆ ਗਿਆ ਸੀ ਜਾਂ ਉਨ੍ਹਾਂ ਵੱਲੋਂ ਪਰਵਾਸ ਕੀਤਾ ਗਿਆ ਸੀ ਜਾਂ ਦੂਜੇ ਹਲਕਿਆਂ ਵਿੱਚ ਰਜਿਸਟਰ ਕੀਤਾ ਗਿਆ ਸੀ। ਰਾਜਨੀਤਿਕ ਕਾਰਕੁਨ ਯੋਗੇਂਦਰ ਯਾਦਵ, ਜਿਨ੍ਹਾਂ ਨੇ ਅਦਾਲਤ ਨੂੰ ਨਿੱਜੀ ਤੌਰ 'ਤੇ ਸੰਬੋਧਨ ਕੀਤਾ, ਨੇ ਪੋਲ ਪੈਨਲ ਦੁਆਰਾ ਦਿੱਤੇ ਗਏ ਡੇਟਾ 'ਤੇ ਸਵਾਲ ਉਠਾਇਆ ਅਤੇ ਕਿਹਾ ਕਿ 7.9 ਕਰੋੜ ਵੋਟਰਾਂ ਦੀ ਬਜਾਏ ਕੁੱਲ ਬਾਲਗ ਆਬਾਦੀ 8.18 ਕਰੋੜ ਸੀ ਅਤੇ ਐਸਆਈਆਰ ਅਭਿਆਸ ਦਾ ਡਿਜ਼ਾਈਨ ਵੋਟਰਾਂ ਨੂੰ ਮਿਟਾਉਣਾ ਸੀ।

# ਦੋ ਅਕਾਲੀ ਦਲ ਬਣਨਾ ਚੰਗਾ ਸੰਕੇਤ ਨਹੀਂ, ਇਸ ਵੇਲੇ ਕੌਮ ਨੂੰ ਇਕਜੁੱਟਤਾ ਦੀ ਲੋੜ: ਧਾਮੀ

**ਅੰਮ੍ਰਿਤਸਰ।** ਸ਼੍ਰੋਮਣੀ ਅਕਾਲੀ ਦਲ ਦੀ ਵੰਡ ਅਤੇ ਦੋ ਅਕਾਲੀ ਦਲ ਬਣ ਜਾਣ ਤੋਂ ਬਾਅਦ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼ਘਫਛ) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਆਖਿਆ ਕਿ ਇਸ ਵੇਲੇ ਆਪਸੀ ਵਖਰੇਵੇ ਅਤੇ ਅਹਿਮ (ਹਉਮੈ) ਨੂੰ ਛੱਡ ਕੇ ਇੱਕਜੁੱਟ ਹੋਣ ਦੀ ਲੋੜ ਹੈ। ਉਨ੍ਹਾਂ ਅੱਜ ਇਥੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਕੱਢੇ ਜਾਣ ਵਾਲੇ ਨਗਰ ਕੀਰਤਨ ਦੀ ਰੂਪ ਰੇਖਾ ਬਾਰੇ ਵੀ ਜਾਣਕਾਰੀ ਦਿੱਤੀ।

ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਖੇ ਪ੍ਰੈਸ ਕਾਨਫਰੰਸ ਵਿੱਚ ਅਕਾਲੀ ਦਲ ’ਚ ਆਈ ਤਰੇੜ ਅਤੇ ਬਣੇ ਦੋ ਧੜਿਆਂ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਇਹ ਕੋਈ ਚੰਗਾ ਸੰਕੇਤ ਨਹੀਂ ਹੈ, ਇਸ ਵੇਲੇ ਕੌਮ ਪਹਿਲਾਂ ਹੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਅਪੀਲ ਕੀਤੀ ਕਿ ਦੋਵੇਂ ਧੜੇ ਆਪਸੀ ਅਹਿਮ ਅਤੇ ਵਖਰੇਵਿਆਂ ਨੂੰ ਛੱਡ ਕੇ ਇੱਕਜੁੱਟ ਹੋਣ।



ਇਸ ਸਬੰਧੀ ਗੱਲਬਾਤ ਦੌਰਾਨ ਉਨ੍ਹਾਂ ਨੇ ਸਾਬਕਾ ਜਥੇਦਾਰ ਅਤੇ ਨਵੇਂ ਅਕਾਲੀ ਦਲ ਦੇ ਬਣੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ’ਤੇ ਦੋਸ਼ ਲਾਇਆ ਕਿ ਉਨ੍ਹਾਂ ਦੀ ਮਨਸ਼ਾ ਸੀ ਕਿ ਦੋ ਧੜੇ ਬਣਨ ਅਤੇ ਹੁਣ ਦੋ ਧੜੇ ਬਣ ਗਏ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨਾ ਚਾਹੁੰਦੇ ਸਨ ਅਤੇ ਹੁਣ ਬਣ ਗਏ ਹਨ। ਉਨ੍ਹਾਂ ਦੱਸਿਆ ਕਿ ਜਦੋਂ ਇਸ ਸਬੰਧ ਵਿੱਚ ਸ੍ਰੀ ਅਕਾਲ ਤਖਤ ਤੋਂ ਭਰਤੀ ਕਮੇਟੀ ਬਣਾਈ ਗਈ ਸੀ, ਜਿਸ ਦਾ ਉਨ੍ਹਾਂ ਨੂੰ ਬਤੌਰ ਚੇਅਰਮੈਨ ਨਾਮਜ਼ਦ ਕੀਤਾ ਗਿਆ ਸੀ ਤਾਂ ਉਨ੍ਹਾਂ ਵੱਲੋਂ ਸਾਰਿਆਂ ਨੂੰ ਇਕੱਠਾ ਕਰਨ ਦਾ ਯਤਨ ਵੀ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਰ ਜਦੋਂ ਉਨ੍ਹਾਂ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕੀਤਾ ਤਾਂ ਇਸ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹੁਣ ਇਹ ਚੁਣੌਤੀ ਦੇਣਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਨਾਂ, ਇਸ ਦਾ ਚਿੰਨ ਆਦਿ ਨੂੰ ਖੋਹਣਾ ਹੈ, ਜੋ ਕੋਈ ਚੰਗੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪਹਿਲਾਂ ਵੀ ਵੱਖ ਹੋਏ ਹਨ ਪਰ ਲੋਕਾਂ ਨੇ ਸੁਰਜੀਤ ਕੀਤੇ ਹਨ। ਪਰ ਇਸ ਵਾਰ ਅਕਾਲੀ ਦਲ ਨੂੰ ਵੰਡਣ ਪਿੱਛੇ ਕੁਝ ਵੱਡੀਆਂ ਤਾਕਤਾਂ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 21 ਅਗਸਤ ਨੂੰ ਅਸਾਮ ਦੇ ਧੋਬੜੀ ਸਾਹਿਬ ਤੋਂ ਇੱਕ ਨਗਰ ਕੀਰਤਨ ਸਜਾਇਆ ਜਾਵੇਗਾ ਜੋ 20 ਸੂਬਿਆਂ ਵਿੱਚੋਂ ਹੁੰਦਾ ਹੋਇਆ 23 ਨਵੰਬਰ ਨੂੰ ਆਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ। ਇਸ ਨਗਰ ਕੀਰਤਨ ਦੇ 31 ਅਗਸਤ ਤੱਕ ਦੇ ਰੂਟ ਪ੍ਰੋਗਰਾਮ ਦਾ ਖੁਲਾਸਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੱਕ ਨਗਰ ਕੀਰਤਨ ਜੰਮੂ ਕਸ਼ਮੀਰ ਦੇ ਮਟਨ ਤੋਂ ਪੰਜ ਅਕਤੂਬਰ ਨੂੰ ਆਰੰਭ ਹੋਵੇਗਾ। ਇਹ ਨਗਰ ਕੀਰਤਨ ਪੰਡਿਤ ਕਿਰਪਾ ਰਾਮ ਦੇ ਅਸਥਾਨ ਤੋਂ ਆਰੰਭ ਹੋਵੇਗਾ ਅਤੇ ਇਸ ਦੀ ਸਮਾਪਤੀ ਵੀ ਆਨੰਦਪੁਰ ਸਾਹਿਬ ਵਿਖੇ ਹੋਵੇਗੀ। ਤੀਜਾ ਵੱਡਾ ਨਗਰ ਕੀਰਤਨ ਦਿੱਲੀ ਸਥਿਤ ਗੁਰਦੁਆਰਾ ਸੀਸ ਗੰਜ ਤੋਂ ਆਰੰਭ ਹੋਵੇਗਾ ਅਤੇ ਇਹ ਨਗਰ ਕੀਰਤਨ ਉਸ ਰਸਤੇ ਅਨੰਦਪੁਰ ਸਾਹਿਬ ਪੁੱਜੇਗਾ, ਜਿਸ ਰਸਤੇ ਬਾਬਾ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਪੁੱਜੇ ਸਨ। ਇਸ ਦੌਰਾਨ 23 ਤੋਂ 25 ਨਵੰਬਰ ਤੱਕ ਮੁੱਖ ਸਮਾਗਮ ਆਨੰਦਪੁਰ ਸਾਹਿਬ ਸਥਿਤ ਗੁਰਦੁਆਰਾ ਸੀਸ ਗੰਜ ਵਿਖੇ ਹੋਣਗੇ । ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਤਾਬਦੀ ਸਮਾਗਮ ਸ਼੍ਰੋਮਣੀ ਕਮੇਟੀ ਦੀ ਮਦਦ ਨਾਲ ਮਨਾਉਣ ਅਤੇ ਸ਼੍ਰੋਮਣੀ ਕਮੇਟੀ ਨੂੰ ਅਗਵਾਈ ਕਰਨ ਦੀ ਕੀਤੀ ਗਈ ਪੇਸ਼ਕਸ਼ ਬਾਰੇ ਐਡਵੋਕੇਟ ਧਾਮੀ ਨੇ ਆਖਿਆ ਕਿ ਇੱਕ ਪਾਸੇ ਉਹ ਅਗਵਾਈ ਕਰਨ ਦੀ ਪੇਸ਼ਕਸ਼ ਕਰ ਰਹੇ ਹਨ ਅਤੇ ਦੂਜੇ ਪਾਸੇ ਆਪਣੇ ਆਪ ਹੀ ਪ੍ਰੋਗਰਾਮ ਵੀ ਉਲੀਕ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਉਹ ਸੁਹਿਰਦ ਹਨ ਤਾਂ ਪਹਿਲਾਂ ਇਸ ਸਬੰਧੀ ਮਿਲ ਬੈਠ ਕੇ ਗੱਲਬਾਤ ਕਰਨ ਤਾਂ ਜੋ ਪ੍ਰੋਗਰਾਮ ਉਲੀਕੇ ਜਾ ਸਕਣ।

# ਸਿਰਫ ਆਧਾਰ, ਪੈਨ ਕਾਰਡ ਜਾਂ ਵੋਟਰ ਆਈ.ਡੀ. ਰੱਖਣ ਨਾਲ ਕੋਈ ਭਾਰਤ ਦਾ ਨਾਗਰਿਕ ਨਹੀਂ ਬਣ ਜਾਂਦਾ: ਹਾਈ ਕੋਰਟ

**ਬੰਬਈ।** ਬੰਬਈ ਹਾਈ ਕੋਰਟ ਨੇ ਬੰਗਲਾਦੇਸ਼ ਦੇ ਇਕ ਵਿਅਕਤੀ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਭਾਰਤ 'ਚ ਦਾਖਲ ਹੋਣ ਦੇ ਦੋਸ਼ 'ਚ ਜ਼ਮਾਨਤ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਕੋਈ ਵਿਅਕਤੀ ਸਿਰਫ ਆਧਾਰ ਕਾਰਡ, ਪੈਨ ਕਾਰਡ ਜਾਂ ਵੋਟਰ ਆਈ.ਡੀ. ਵਰਗੇ ਦਸਤਾਵੇਜ਼ ਰੱਖਣ ਨਾਲ ਭਾਰਤ ਦਾ ਨਾਗਰਿਕ ਨਹੀਂ ਬਣ ਜਾਂਦਾ। ਇਸ ਵਿਅਕਤੀ ਉਤੇ ਜਾਅਲੀ ਅਤੇ ਜਾਅਲੀ ਦਸਤਾਵੇਜ਼ਾਂ ਨਾਲ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਭਾਰਤ ਵਿਚ ਰਹਿਣ ਦਾ ਦੋਸ਼ ਹੈ। ਜਸਟਿਸ ਅਮਿਤ ਬੋਰਕਰ ਦੀ ਬੈਂਚ ਨੇ ਕਿਹਾ ਕਿ ਨਾਗਰਿਕਤਾ ਕਾਨੂੰਨ ਦੀਆਂ ਧਾਰਾਵਾਂ ਇਹ ਨਿਰਧਾਰਤ ਕਰਦੀਆਂ ਹਨ ਕਿ ਭਾਰਤ ਦਾ ਨਾਗਰਿਕ ਕੌਣ ਹੋ ਸਕਦਾ ਹੈ ਅਤੇ ਨਾਗਰਿਕਤਾ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ। ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਆਈ.ਡੀ. ਵਰਗੇ ਦਸਤਾਵੇਜ਼



ਸਿਰਫ ਪਛਾਣ ਜਾਂ ਸੇਵਾਵਾਂ ਲੈਣ ਲਈ ਹਨ। ਅਦਾਲਤ ਨੇ ਬੰਗਲਾਦੇਸ਼ੀ ਨਾਗਰਿਕ ਬਾਬੂ ਅਬਦੁਲ ਰੌਫ ਸਰਦਾਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿਤਾ, ਜੋ ਬਿਨਾਂ ਜਾਇਜ਼ ਪਾਸਪੋਰਟ ਜਾਂ ਯਾਤਰਾ ਦਸਤਾਵੇਜ਼ਾਂ ਦੇ ਗੈਰ-ਕਾਨੂੰਨੀ ਤਰੀਕੇ ਨਾਲ ਭਾਰਤ ਵਿਚ ਦਾਖਲ ਹੋਇਆ ਸੀ। ਉਸ ਨੇ ਕਥਿਤ ਤੌਰ ਉਤੇ ਜਾਅਲੀ ਭਾਰਤੀ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ, ਪੈਨ ਕਾਰਡ, ਵੋਟਰ ਆਈ.ਡੀ. ਅਤੇ ਇਕ ਭਾਰਤੀ ਪਾਸਪੋਰਟ ਵੀ ਪ੍ਰਾਪਤ ਕੀਤਾ। ਜਸਟਿਸ ਬੋਰਕਰ ਨੇ ਕਿਹਾ ਕਿ 1955 ਵਿਚ ਸੰਸਦ ਨੇ ਨਾਗਰਿਕਤਾ ਕਾਨੂੰਨ ਪਾਸ ਕੀਤਾ ਜਿਸ ਨੇ ਨਾਗਰਿਕਤਾ ਹਾਸਲ ਕਰਨ ਲਈ ਇਕ ਸਥਾਈ ਅਤੇ ਸੰਪੂਰਨ ਪ੍ਰਣਾਲੀ ਬਣਾਈ। ਉਨ੍ਹਾਂ ਕਿਹਾ ਕਿ ਮੇਰੀ ਰਾਏ 'ਚ 1955 ਦਾ ਨਾਗਰਿਕਤਾ ਕਾਨੂੰਨ ਅੱਜ ਭਾਰਤ 'ਚ ਨਾਗਰਿਕਤਾ ਬਾਰੇ ਸਵਾਲਾਂ ਦਾ ਫੈਸਲਾ ਕਰਨ ਲਈ ਮੁੱਖ ਅਤੇ ਨਿਯੰਤਰਣ ਕਾਨੂੰਨ ਹੈ। ਇਹ ਉਹ ਕਾਨੂੰਨ ਹੈ ਜੋ ਇਹ ਨਿਰਧਾਰਤ ਕਰਦਾ ਹੈ ਕਿ ਕੌਣ ਨਾਗਰਿਕ ਹੋ ਸਕਦਾ ਹੈ, ਨਾਗਰਿਕਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਕਿਹੜੀਆਂ ਸਥਿਤੀਆਂ ਵਿਚ ਇਹ ਗੁਆ ਦਿਤੀ ਜਾ ਸਕਦੀ ਹੈ।

## ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਮੁੜ ਮੁਲਤਵੀ



**ਮੁਹਾਲੀ ।** ਮੁਹਾਲੀ ਦੀ ਅਦਾਲਤ 'ਚ ਬਿਕਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜ਼ੀ ਉਤੇ ਸੁਣਵਾਈ ਮੁੜ ਤੋਂ ਮੁਲਤਵੀ ਕਰ ਦਿੱਤੀ ਗਈ ਹੈ। ਹੁਣ ਇਸ ਮਾਮਲੇ ਉਤੇ ਸੁਣਵਾਈ 13 ਅਗਸਤ ਨੂੰ ਹੋਵੇਗੀ। ਇਸ ਤੋਂ ਇਲਾਵਾ ਬੈਰਕ ਬਦਲਣ ਦੇ ਮਾਮਲੇ ਉਤੇ ਵੀ ਸੁਣਵਾਈ ਦੀ ਅਗਲੀ ਤਰੀਕ 21 ਅਗਸਤ ਪਾ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਸ਼੍ਰੋਮਣੀ ਅਕਾਲੀ ਦਲ ਆਗੂ ਬਿਕਰਮ ਸਿੰਘ ਮਜੀਠੀਆ ਇਸ ਸਮੇਂ ਨਾਭਾ ਜੇਲ੍ਹ 'ਚ ਬੰਦ ਹਨ। ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਬੀਤੇ ਦਿਨ ਵੀ ਮਜੀਠਿਆ ਦੀ ਜਮਾਨਤ ਅਰਜੀ 'ਤੇ ਸੁਣਵਾਈ ਹੋਈ ਅਤੇ ਲਗਭਗ ਡੇਢ ਘੰਟਾ ਬਹਿਸ ਹੋਈ ਸੀ। ਹਾਲਾਂਕਿ ਕੋਈ ਵੀ ਫੈਸਲਾ ਨਹੀਂ ਹੋਇਆ ਅਤੇ ਸੁਣਵਾਈ ਫੇਰ ਮੁਲਤਵੀ ਕਰ ਦਿੱਤੀ ਗਈ ਸੀ। ਇਹ ਛੇਵੀਂ ਵਾਰ ਹੈ ਜਦੋਂ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ।

## ਪੁਲਿਸ ਨੇ ਨਵਾਂਸ਼ਹਿਰ ਗ੍ਰਨੇਡ ਹਮਲੇ ਦੀ ਗੁੱਥੀ ਸੁਲਝਾਈ; ਹੈਂਡ ਗ੍ਰਨੇਡ ਤੇ ਪਿਸਤੌਲ ਸਮੇਤ ਬੀਕੇਆਈ ਦੇ ਪੰਜ ਕਾਰਕੁੰਨ ਕਾਬੂ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਪਾਕਿਸਤਾਨ ਦੇ ਆਈਐਸਆਈ-ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਐਸਬੀਐਸ ਨਗਰ ਪੁਲਿਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ, ਰਾਜਸਥਾਨ ਦੇ ਟੋਂਕ ਅਤੇ ਜੈਪੁਰ ਜ਼ਿਲ੍ਹਿਆਂ ਤੋਂ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਅੱਤਵਾਦੀ ਮਾਡਿਊਲ ਦੇ ਤਿੰਨ ਨਾਬਾਲਗਾਂ ਸਮੇਤ ਪੰਜ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਇਹ ਮਾਡਿਊਲ ਪਾਕਿਸਤਾਨ ਸਥਿਤ ਬੀਕੇਆਈ ਸੰਚਾਲਕ ਹਰਵਿੰਦਰ ਸਿੰਘ ਉਰਫ਼ ਰਿੰਦਾ ਦੇ ਨਿਰਦੇਸ਼ਾਂ 'ਤੇ ਵਿਦੇਸ਼ੀ ਹੈਂਡਲਰ ਮੰਨੂ ਅਗਵਾਨ, ਗੋਪੀ ਨਵਾਂਸ਼ਹਿਰੀਆ ਅਤੇ ਜ਼ੀਸ਼ਾਨ ਅਖਤਰ ਵੱਲੋਂ ਚਲਾਇਆ ਜਾ ਰਿਹਾ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰਿਤਿਕ ਨਰੋਲੀਆ ਵਾਸੀ ਪਿੰਡ ਦਿਦਵਾਟਾ, ਜੈਪੁਰ, ਰਾਜਸਥਾਨ; ਸੋਨੂੰ ਕੁਮਾਰ ਉਰਫ਼ ਕਾਲੀ ਵਾਸੀ ਪਿੰਡ ਕਾਲਾ ਸੰਘੀਆਂ, ਕਪੂਰਥਲਾ ਅਤੇ ਤਿੰਨ ਨਾਬਾਲਗਾਂ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ



ਇੱਕ 86ਪੀ ਹੈਂਡ-ਗ੍ਰੇਨੇਡ ਅਤੇ ਇੱਕ .30 ਬੋਰ ਪਿਸਤੌਲ ਸਮੇਤ ਦੋ ਜ਼ਿੰਦਾ ਕਾਰਤੂਸ ਅਤੇ ਦੋ ਖਾਲੀ ਖੋਲ ਵੀ ਬਰਾਮਦ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਡਿਊਲ ਨੇ ਹਾਲ ਹੀ ਵਿੱਚ ਐਸਬੀਐਸ ਨਗਰ ਵਿੱਚ ਹੋਏ ਇੱਕ ਸ਼ਰਾਬ ਦੇ ਠੇਕੇ 'ਤੇ ਹਮਲੇ ਦੀ ਯੋਜਨਾ ਬਣਾਈ ਸੀ। ਜ਼ਿਕਰਯੋਗ ਹੈ ਕਿ ਇਸ ਮਾਡਿਊਲ ਨੇ 7 ਅਗਸਤ, 2025 ਨੂੰ ਐਸਬੀਐਸ ਨਗਰ ਵਿੱਚ ਸ਼ਰਾਬ ਦੇ ਠੇਕੇ 'ਤੇ ਗ੍ਰਨੇਡ ਹਮਲਾ ਕੀਤਾ ਸੀ। ਡੀਜੀਪੀ ਨੇ ਕਿਹਾ ਕਿ ਇਨ੍ਹਾਂ ਕਾਰਕੁਨਾਂ ਨੂੰ ਸੁਤੰਤਰਤਾ ਦਿਵਸ ਤੋਂ ਪਹਿਲਾਂ ਅਜਿਹੇ ਹਮਲੇ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ-ਅਧਾਰਤ ਜ਼ੀਸ਼ਾਨ ਅਖਤਰ ਅਤੇ ਬੀਕੇਆਈ ਦੇ ਮਾਸਟਰਮਾਈਂਡ ਮੰਨੂ ਅਗਵਾਨ ਜੋ ਕਿ ਪਾਕਿਸਤਾਨ-ਅਧਾਰਤ ਬੀਕੇਆਈ ਸੰਚਾਲਕ ਹਰਵਿੰਦਰ ਰਿੰਦਾ ਦੇ ਨਜ਼ਦੀਕੀ ਤਾਲਮੇਲ ਨਾਲ ਕੰਮ ਕਰ ਰਿਹਾ ਹੈ, ਦੇ ਸਿੱਧੇ ਸੰਪਰਕ ਵਿੱਚ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ, "ਅਸੀਂ ਇਸ ਅੱਤਵਾਦੀ ਮਾਡਿਊਲ ਵੱਲੋਂ ਕੀਤੇ ਜਾਣ ਵਾਲੇ ਹੋਰ ਯੋਜਨਾਬੱਧ ਹਮਲਿਆਂ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ।" ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਹੋਰ ਵੇਰਵੇ ਸਾਂਝੇ ਕਰਦਿਆਂ, ਏਆਈਜੀ ਸੀਆਈ ਜਲੰਧਰ ਨਵਜੋਤ ਮਾਹਲ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਆਧਾਰਤ ਇਸ ਕਾਰਵਾਈ ਦੌਰਾਨ, ਇਹ ਪੰਜੇ ਦੋਸ਼ੀ ਰਾਜਸਥਾਨ ਦੇ ਟੋਂਕ ਅਤੇ ਜੈਪੁਰ ਜ਼ਿਲ੍ਹਿਆਂ ਤੋਂ ਕਾਬੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਫਾਲੋ-ਅੱਪ ਰਿਕਵਰੀ ਆਪ੍ਰੇਸ਼ਨ ਦੌਰਾਨ, ਗ੍ਰਿਫ਼ਤਾਰ ਮੁਲਜ਼ਮ ਸੋਨੂੰ ਉਰਫ਼ ਕਾਲੀ ਨੇ ਪੁਲਿਸ ਪਾਰਟੀ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ। ਸਵੈ-ਰੱਖਿਆ ਵਿੱਚ, ਪੁਲਿਸ ਪਾਰਟੀ ਨੇ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਮੁਲਜ਼ਮ ਸੋਨੂੰ ਉਰਫ਼ ਕਾਲੀ ਨੂੰ ਗੋਲੀ ਲੱਗ ਗਈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਖਮੀ ਮੁਲਜ਼ਮ ਨੂੰ ਤੁਰੰਤ ਐਸਬੀਐਸ ਨਗਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰ ਦਿੱਤਾ ਗਿਆ, ਜਿੱਥੇ ਉਹ ਜ਼ੇਰੇ ਇਲਾਜ ਹੈ। ਇਸ ਸਬੰਧੀ, ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 109, 324(5) ਅਤੇ 61(2) ਅਤੇ ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਅਤੇ 5 ਤਹਿਤ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ।

## ਜੰਮੂ-ਕਸ਼ਮੀਰ: ਢਲਾਣ ਤੋਂ ਡਿੱਗਣ ਕਾਰਨ ਫੌਜ ਦੇ ਜਵਾਨ ਦੀ ਮੌਤ

**ਸ੍ਰੀਨਗਰ।** ਜੰਮੂ-ਕਸ਼ਮੀਰ ਦੇ ਉੜੀ ਵਿੱਚ ਕੰਟਰੋਲ ਰੇਖਾ ਦੇ ਨੇੜੇ ਰੁਟੀਨ ਗਸ਼ਤ ਦੌਰਾਨ ਢਲਾਣ ਤੋਂ ਡਿੱਗਣ ਕਾਰਨ ਇੱਕ ਫੌਜੀ ਜਵਾਨ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਮਰਾਠਾ ਲਾਈਟ ਇਨਫੈਂਟਰੀ ਦੇ ਸਿਪਾਹੀ ਬੀ ਅਨਿਲ, ਸੋਮਵਾਰ ਨੂੰ ਇੱਕ ਸਰਹੱਦੀ ਚੌਕੀ 'ਤੇ ਗਸ਼ਤ ਕਰਦੇ ਸਮੇਂ ਫਿਸਲ ਗਏ ਅਤੇ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਨੇ ਦੱਸਿਆ ਕਿ ਤਿਲੰਗਾਨਾ ਦੇ 31 ਸਾਲਾ ਸਿਪਾਹੀ ਦੀ ਲਾਸ਼ ਨੂੰ ਮੈਡੀਕਲ ਸਬੰਧਤ ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਉੜੀ ਉਪ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ। ਸ੍ਰੀਨਗਰ ਸਥਿਤ ਚਿਨਾਰ ਕੋਰ ਨੇ ਆਪਣੇ ਐਕਸ ਹੈਂਡਲ 'ਤੇ ਪੋਸਟ ਕੀਤਾ,



"ਚਿਨਾਰ ਕੋਰ ਬਾਰਾਮੂਲਾ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ 'ਤੇ ਡਿਊਟੀ ਨਿਭਾਉਂਦੇ ਹੋਏ ਦਲੇਰ ਸਿਪਾਹੀ ਬਨੋਥ ਅਨਿਲ ਕੁਮਾਰ ਦੀ ਕੀਮਤੀ ਜਾਨ ਚਲੇ ਜਾਣ ਦੇ ਨੁਕਸਾਨ 'ਤੇ ਡੂੰਘਾ ਦੁੱਖ ਪ੍ਰਗਟ ਕਰਦੀ ਹੈ। ਚਿਨਾਰ ਵਾਰੀਅਰਜ਼ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਸਲਾਮ ਕਰਦੇ ਹਨ, ਡੂੰਘੀ ਸੰਵੇਦਨਾ ਪ੍ਰਗਟ ਕਰਦੇ ਅਤੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਖੜ੍ਹੇ ਹਨ।"

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਬਿਹਾਰ ’ਚ ਹੜ੍ਹ ਕਾਰਨ 17 ਲੱਖ ਤੋਂ ਵੱਧ ਲੋਕ ਪ੍ਰਭਾਵਤ, ਬਚਾਅ ਕਾਰਜ ਜਾਰੀ



**ਪਟਨਾ** । ਬਿਹਾਰ ’ਚ ਪਿਛਲੇ 24 ਘੰਟਿਆਂ ’ਚ ਭਾਰੀ ਮੀਂਹ ਕਾਰਨ ਕਈ ਨਦੀਆਂ ’ਚ ਹੜ੍ਹ ਆ ਗਿਆ ਹੈ, ਜਿਸ ਕਾਰਨ 17 ਲੱਖ ਤੋਂ ਵੱਧ ਲੋਕ ਪ੍ਰਭਾਵਤ ਹੋਏ ਹਨ। ਅਧਿਕਾਰੀਆਂ ਨੇ ਦਸਿਆ ਕਿ ਐਨ.ਡੀ.ਆਰ.ਐਫ. ਅਤੇ ਐਸ.ਡੀ.ਆਰ.ਐਫ. ਦੀਆਂ ਕੁਲ 32 ਟੀਮਾਂ ਬਚਾਅ ਕਾਰਜਾਂ ਵਿਚ ਲੱਗੀਆਂ ਹੋਈਆਂ ਹਨ। ਭੋਜਪੁਰ, ਪਟਨਾ, ਭਾਗਲਪੁਰ, ਵੈਸ਼ਾਲੀ, ਲਖੀਸਰਾਏ, ਸਾਰਨ, ਮੁੰਗੇਰ, ਖਗੜੀਆ, ਸੁਪੌਲ ਅਤੇ ਬੇਗੂਸਰਾਏ ਸਮੇਤ ਵੱਖ-ਵੱਖ ਜ਼ਿਲ੍ਹਿਆਂ ’ਚ ਲਗਾਤਾਰ ਮੀਂਹ ਪੈਣ ਕਾਰਨ ਨਦੀਆਂ ਅਤੇ ਨਦੀਆਂ ’ਚ ਪਾਣੀ ਭਰ ਗਿਆ। ਇਸ ਤੋਂ ਇਲਾਵਾ ਨੇਪਾਲ ਦੇ ਕੈਚਮੈਂਟ ਖੇਤਰਾਂ ’ਚ ਭਾਰੀ ਬਾਰਸ਼ ਕਾਰਨ ਕਈ ਥਾਵਾਂ ਉਤੇ ਨਦੀਆਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਪਿਛਲੇ ਕੁੱਝ ਦਿਨਾਂ ਤੋਂ ਹੋਈ ਬਾਰਸ਼ ਨੇ ਗੰਗਾ, ਕੋਸੀ, ਬਾਗਮਤੀ, ਬੁੜੀ ਗੰਡਕ, ਪੁਨਪੁਨ ਅਤੇ ਘਘਰਾ ਨਦੀਆਂ ਦੇ ਪਾਣੀ ਦਾ ਪੱਧਰ ਵਧਾ ਦਿਤਾ ਹੈ। ਭੋਜਪੁਰ, ਪਟਨਾ, ਭਾਗਲਪੁਰ, ਵੈਸ਼ਾਲੀ, ਲਖੀਸਰਾਏ, ਸਾਰਨ, ਮੁੰਗੇਰ, ਖਗੜੀਆ ਅਤੇ ਬੇਗੂਸਰਾਏ ਅਤੇ ਸੁਪੌਲ ’ਚ ਕੁੱਝ ਥਾਵਾਂ ਉਤੇ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੇ ਹਨ। ਵਿਭਾਗ ਨੇ ਦਸਿਆ ਕਿ ਸੂਬੇ ਦੇ 10 ਜ਼ਿਲ੍ਹਿਆਂ ਦੇ 1,144 ਪਿੰਡਾਂ ਦੇ 17,62,374 ਲੋਕ ਇਸ ਸਮੇਂ ਹੜ੍ਹਾਂ ਨਾਲ ਪ੍ਰਭਾਵਤ ਹਨ। ਪ੍ਰਭਾਵਤ ਇਲਾਕਿਆਂ ’ਚ ਬਚਾਅ ਕਾਰਜਾਂ ’ਚ ਕਰੀਬ 1,160 ਕਿਸ਼ਤੀਆਂ ਦੀ ਵਰਤੋਂ ਕੀਤੀ ਗਈ ਹੈ। ਬਿਹਾਰ ਦੇ ਕਿਸੇ ਵੀ ਹਿੱਸੇ ਤੋਂ ਅਜੇ ਤਕ ਕਿਸੇ ਦੀ ਮੌਤ ਦੀ ਖ਼ਬਰ ਨਹੀਂ ਹੈ। ਪਛਮੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਸੰਤੋਸ਼ ਕੁਮਾਰ ਮੱਲ ਨੇ ਦਸਿਆ ਕਿ ਬਿਹਾਰ ’ਚ ਕਈ ਨਦੀਆਂ ਦੇ ਪਾਣੀ ਦੇ ਪੱਧਰ ’ਚ ਲਗਾਤਾਰ ਵਾਧੇ ਅਤੇ ਨੇਪਾਲ ਸਥਿਤ ਗੰਡਕ ਅਤੇ ਕੋਸੀ ਨਦੀਆਂ ਦੇ ਕੈਚਮੈਂਟ ਖੇਤਰਾਂ ’ਚ ਭਾਰੀ ਬਾਰਸ਼ ਦੇ ਮੱਦੇਨਜ਼ਰ ਜਲ ਸਰੋਤ ਵਿਭਾਗ (ਡਬਲਿਊ.ਆਰ.ਡੀ.) ਦੇ ਸਾਰੇ ਸਬੰਧਤ ਵਿੰਗਾਂ ਨੂੰ ਅਲਰਟ ਮੋਡ ਉਤੇ ਰਹਿਣ ਦੇ ਹੁਕਮ ਦਿਤੇ ਗਏ ਹਨ। ਉਨ੍ਹਾਂ ਕਿਹਾ ਕਿ ਸਬੰਧਤ ਜ਼ਿਲ੍ਹਿਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜੇਕਰ ਸਥਿਤੀ ਹੋਰ ਵਿਗੜਦੀ ਹੈ ਤਾਂ ਉਹ ਹੋਰ ਰਾਹਤ ਕੈਂਪ ਅਤੇ ਕਮਿਊਨਿਟੀ ਰਸੋਈਆਂ ਸਥਾਪਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਰਹਿਣ। ਬਿਹਾਰ ’ਚ 1 ਤੋਂ 10 ਅਗੱਸਤ ਤਕ 507.4 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ, ਜੋ ਸਾਲ ਦੇ ਇਸ ਸਮੇਂ ਲਈ ਆਮ ਨਾਲੋਂ 12 ਫ਼ੀ ਸਦੀ ਘੱਟ ਹੈ।

## ਗੋਲਡ ਲੋਨ ਦੀ ਜਲੰਧਰ ਸ਼ਾਖਾ ਤੋਂ 5 ਗਾਹਕਾਂ ਦਾ ਸੋਨਾ ਹੋਇਆ ਗਾਇਬ




**ਜਲੰਧਰ।** ਜਲੰਧਰ ਦੇ ਪਠਾਨਕੋਟ ਚੌਕ ’ਤੇ ਸਥਿਤ ਮੰਨਾਪੁਰਮ ਗੋਲਡ ਲੋਨ ਸ਼ਾਖਾ ’ਚੋਂ ਗਾਹਕਾਂ ਦਾ ਸੋਨਾ ਚੋਰੀ ਹੋਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਸ਼ਾਖਾ ਵਿੱਚ ਹਫੜਾ-ਦਫੜੀ ਮਚ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬ੍ਰਾਂਚ ਦੇ 5 ਗਾਹਕਾਂ ਨੇ ਸੋਨਾ ਚੋਰੀ ਹੋਣ ਦੀ ਸ਼ਿਕਾਇਤ ਥਾਣਾ 8 ਦੀ ਪੁਲਿਸ ਕੋਲ ਦਰਜ ਕਰਵਾਈ ਜਿਸ ਤੋਂ ਬਾਅਦ ਪੁਲਿਸ ਨੇ ਪੀੜਤਾਂ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਕਰਮਜੀਤ ਕੌਰ ਨੇ ਦੱਸਿਆ ਕਿ ਉਸਨੇ 2023 ’ਚ ਪਠਾਨਕੋਟ ਚੌਕ ਸਥਿਤ ਬ੍ਰਾਂਚ ਵਿੱਚ 66 ਗ੍ਰਾਮ ਸੋਨਾ ਰੱਖ ਕੇ 2 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਉਹ ਹਰ ਮਹੀਨੇ ਸਮੇਂ ਸਿਰ ਕਰਜ਼ੇ ਦਾ ਵਿਆਜ ਅਦਾ ਕਰਦੀ ਹੈ। ਜਦੋਂ ਉਹ ਕਿਸ਼ਤ ਭਰਨ ਲਈ ਬ੍ਰਾਂਚ ਗਈ, ਤਾਂ ਕੋਈ ਵਿਅਕਤੀ ਬ੍ਰਾਂਚ ਅਧਿਕਾਰੀਆਂ ਨਾਲ ਬਹਿਸ ਕਰ ਰਿਹਾ ਸੀ ਕਿ ਉਸਦਾ ਸੋਨਾ ਨਹੀਂ ਮਿਲ ਰਿਹਾ। ਇਹ ਦੇਖ ਕੇ, ਉਸਨੇ ਆਪਣੇ ਸੋਨੇ ਦੇ ਰਿਕਾਰਡ ਬਾਰੇ ਵੀ ਜਾਣਕਾਰੀ ਮੰਗੀ। ਪਤਾ ਲੱਗਾ ਕਿ 66 ਗ੍ਰਾਮ ਸੋਨੇ ਵਿੱਚੋਂ 24 ਗ੍ਰਾਮ ਸੋਨਾ (3 ਅੰਗੂਠੀਆਂ, ਇੱਕ ਚੇਨ ਅਤੇ ਕੰਨਾਂ ਦੀਆਂ ਵਾਲੀਆਂ) ਗਾਇਬ ਸੀ। ਇਸ ਤੋਂ ਬਾਅਦ, ਉਸਨੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਉਸਨੇ ਦੋਸ਼ ਲਗਾਇਆ ਕਿ ਸੋਨੇ ਗਾਇਬ ਕਰਨ ਦੇ ਮਾਮਲੇ ’ਚ ਸ਼ਾਖਾ ਦੇ ਇੱਕ ਸਾਬਕਾ ਕਰਮਚਾਰੀ ਦੇ ਸ਼ਾਮਲ ਹੋਣ ਦਾ ਸ਼ੱਕ ਹੈ। ਉਸਨੇ ਸ਼ਾਖਾ ਅਤੇ ਸਾਬਕਾ ਕਰਮਚਾਰੀ ਵਿਰੁੱਧ ਥਾਣਾ ਨੰਬਰ 8 ਦੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਜਾਣਕਾਰੀ ਅਨੁਸਾਰ, ਸ਼ਾਖਾ ਮੈਨੇਜਰ ਨੇ ਔਰਤ ਨੂੰ ਭਰੋਸਾ ਦਿੱਤਾ ਹੈ ਕਿ ਉਸਦਾ ਸਾਰਾ ਸੋਨਾ ਇੱਕ ਮਹੀਨੇ ਦੇ ਅੰਦਰ ਵਾਪਸ ਕਰ ਦਿੱਤਾ ਜਾਵੇਗਾ, ਪਰ ਸ਼ਾਖਾ ਮੈਨੇਜਰ ਨੇ ਮੀਡੀਆ ਨੂੰ ਬਿਆਨ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਦੌਰਾਨ, ਥਾਣਾ 8 ਦੇ ਇੰਚਾਰਜ ਯਾਦਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਸ਼ਿਕਾਇਤ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਅਤੇ ਪੀੜਤਾਂ ਦੇ ਬਿਆਨਾਂ ਦੇ ਆਧਾਰ ’ਤੇ ਢੁਕਵੀਂ ਕਾਰਵਾਈ ਕੀਤੀ ਜਾ ਰਹੀ ਹੈ।



# ਸਭ ਤੋਂ ਪਹਿਲਾਂ ਸਿੱਖ ਸਿਧਾਂਤਾਂ ਦੀ ਪਾਲਣਾ ਕਰਨੀ ਜਰੂਰੀ- ਸੰਤਾ ਸਿੰਘ ਉਮੈਦਪੁਰੀ

## ਅਕਾਲੀ ਦਲ ਦੇ ਨਾਲ ਖੜਾਂਗੇ– ਰੁਪਿੰਦਰ ਰੂਬੀ ਸੁਰਜੀਤ ਸਿੰਘ ਮਾਂਗਟ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ।** ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਵਿੱਚ ਕੱਲ੍ਹ ਨਵੇਂ ਅਕਾਲੀ ਦਲ ਦੀ ਸਥਾਪਨਾ ਹੋਈ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜੋ ਹੁਕਮ ਸਾਨੂੰ ਮਿਲਿਆ ਸੀ ਅਸੀਂ ਉਸ ਉੱਤੇ ਪਹਿਰਾ ਦਿੰਦਿਆਂ ਹੋਇਆਂ ਸਮੁੱਚੇ ਪੰਜਾਬ ਦੇ ਲੋਕਾਂ ਦਾ ਰਾਏ ਮਸ਼ਵਰਾ ਲਿਆ। ਪਾਰਦਰਸ਼ੀ ਤਰੀਕੇ ਨਾਲ ਭਰਤੀ ਹੋਈ ਤੇ ਅਖੀਰ ਨੂੰ ਡੈਲੀਗੇਟਾਂ ਦੁਆਰਾ ਕੱਲ ਗਿਆਨੀ ਹਰਪ੍ਰੀਤ ਸਿੰਘ ਨੇ ਨਵੇਂ ਅਕਾਲੀ ਦਲ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ। ਇਸ ਪੰਜ ਮੈਂਬਰੀ ਕਮੇਟੀ ਦੇ ਪ੍ਰਮੁੱਖ ਆਗੂਆਂ ਤੋਂ ਇਲਾਵਾ ਇਸ ਨਾਲ ਜੁੜੇ ਨਵੇਂ ਡਿਲੀਗੇਟਾਂ ਤੇ ਹੋਰ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਆਓ



ਹੁਣ ਰਲ ਮਿਲ ਕੇ ਅਕਾਲੀ ਦਲ ਨੂੰ ਧਾਰਮਿਕ ਸਿੱਖ ਇਤਿਹਾਸ ਦੀਆਂ ਪਰੰਪਰਾਂ ਅਨੁਸਾਰ ਚਲਾਈਏ ਇਹ ਸ਼ਬਦ ਪੰਜ ਮੈਂਬਰੀ ਕਮੇਟੀ ਭਰਤੀ ਕਮੇਟੀ ਦੇ ਪ੍ਰਮੁੱਖ ਮੈਂਬਰ ਅਕਾਲੀ ਆਗੂ ਸੰਤਾ ਸਿੰਘ ਉਮੈਦਪੁਰੀ ਨੇ ਸਾਂਝੇ ਕੀਤੇ। ਉਹਨਾਂ ਦਾ ਕਹਿਣਾ ਸੀ ਪਿਛਲੇ ਸਮੇਂ ਵਿੱਚ ਜੋ ਕੁਝ ਹੋਇਆ ਸਭ ਦੇ ਸਾਹਮਣੇ ਹੈ ਅਸੀਂ ਵੀ ਸ਼ਾਮਿਲ ਰਹੇ ਹਾਂ ਪਰ ਹੁਣ ਹੋਰ ਜਲੀਲ ਨਹੀਂ ਸੀ ਹੋ ਹੁੰਦਾ। ਇਸੇ ਸੰਦਰਭ ਦੇ ਵਿੱਚ ਮਾਛੀਵਾੜਾ ਸਾਹਿਬ ਤੋਂ ਨੌਜਵਾਨ ਅਕਾਲੀ ਆਗੂ ਸਟੇਟ ਡੈਲੀਗੇਟ ਰੁਪਿੰਦਰ ਸਿੰਘ ਰੂਬੀ ਬੈਨੀਪਾਲ ਨੇ ਨਵੇਂ ਚੁਣੇ ਗਏ ਪ੍ਰਧਾਨ ਜਥੇਦਾਰ ਹਰਪ੍ਰੀਤ ਸਿੰਘ ਹੈਪੀ ਨੂੰ ਕਮਾਂਡ ਸੰਭਾਲਣ ਉੱਤੇ ਵਧਾਈਆਂ ਦਿੱਤੀਆਂ ਇਸੇ ਤਰ੍ਹਾਂ ਹੀ ਸਟੇਟ ਡੈਲੀਗੇਟ ਸੁਰਜੀਤ ਸਿੰਘ ਮਾਂਗਟ ਨੇ ਕਿਹਾ ਹੈ ਅਸੀਂ ਤਾਂ ਸੇਵਾਦਾਰ ਬਣ ਕੇ ਵਿਚਰਨਾ ਹੈ ਪਾਰਟੀ ਜੋ ਵੀ ਸੇਵਾ ਲਾਵੇਗੀ ਸਦਾ ਹਾਜ਼ਰ ਰਹਾਂਗੇ। ਇਸ ਮੌਕੇ ਗੁਰਨਾਮ ਸਿੰਘ ਧਨੂਰ ਤੇ ਹੋਰ ਕੋਈ ਵਿਅਕਤੀ ਹਾਜ਼ਰ ਸਨ।

# ਨੰਬਰਦਾਰ ਯੂਨੀਅਨ ਦੇ ਵਿਹੜੇ ਵਿਧਾਇਕ ਲਾਡੀ ਸ਼ੇਰੋਵਾਲੀਆ ਲਹਿਰਾਉਣਗੇ ਦੇਸ਼ ਦਾ ਕੌਮੀ ਝੰਡਾ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ

## ਸਨਮਾਨ ਚਿੰਨਾਂ ਦੀ ਸੇਵਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਨਿਭਾਵੇਗੀ - ਕਲੱਬ ਪ੍ਰਧਾਨ ਦਿਨਕਰ ਸੰਧੂ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਸੂਬਾ ਪੰਜਾਬ, ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਬੜੇ ਮਾਣ ਨਾਲ ਦੱਸਿਆ ਕਿ ਯੂਨੀਅਨ ਵੱਲੋਂ ਦੇਸ਼ ਦਾ ਕੌਮੀ ਤਿਓਹਾਰ ਆਜ਼ਾਦੀ ਦਿਹਾੜਾ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ "ਜਸ਼ਨ-ਏ-ਆਜ਼ਾਦੀ 2025" ਦੇ ਬੈਨਰ ਹੇਠ ਬੜੇ ਚਾਵਾਂ ਸੱਧਰਾਂ ਨਾਲ ਮਨਾਇਆ ਜਾਵੇਗਾ, ਇਹ ਜਥੇਬੰਦੀ ਦਾ 30ਵੀਂ ਵਾਰ, ਲਗਾਤਾਰ, ਮਨਾਏ ਜਾਣ ਵਾਲਾ ਇੱਕ ਇਤਿਹਾਸਿਕ ਪਲ ਹੋਵੇਗਾ। ਇਸ ਪਾਵਣ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਹਕੋਟ ਦੇ ਵਿਧਾਇਕ ਸ੍ਰ. ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਸ਼ਿਰਕਤ ਕਰਨਗੇ ਅਤੇ ਦੇਸ਼ ਦਾ ਕੌਮੀ ਝੰਡਾ ਲਹਿਰਾਉਣ ਦਾ ਸੁਭਾਗ ਪ੍ਰਾਪਤ ਕਰਨਗੇ। ਇਸ ਸਮਾਗਮ ਵਿੱਚ ਸਮਾਜ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਜਿਵੇਂ ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ, ਸ਼੍ਰੀਮਤੀ ਰਣਦੀਪ



ਮੁੱਖ ਮਹਿਮਾਨ ਹਰਦੇਵ ਸਿੰਘ ਲਾਡੀ | ਵਿਸ਼ੇਸ਼ ਮਹਿਮਾਨ ਡਾ. ਨਵਜੋਤ ਦਾਹੀਆ | ਕਲੱਬ ਪ੍ਰਧਾਨ ਦਿਨਕਰ ਸੰਧੂ | ਫੰਕਸ਼ਨ ਚੇਅਰਮੈਨ ਲਾਇਨ ਆਂਚਲ ਸੋਖਲ | ਪ੍ਰਬੰਧਕ ਸਮਾਰੋਹ ਅਸ਼ੋਕ ਸੰਧੂ

ਕੌਰ ਟੌਹੜਾ ਸਮਾਜ ਸੇਵੀ, ਡਿਸਟ੍ਰਿਕਟ 321 ਡੀ ਦੇ ਇਮੀਡੇਟ ਜ਼ਿਲ੍ਹਾ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਵੀ.ਐਮ.ਸੀ.ਸੀ 2025-26, ਬਿਜਲੀ ਵਿਭਾਗ ਦੇ ਡਿਪਟੀ ਚੀਫ ਇੰਜੀਨੀਅਰ ਜ਼ਿਲ੍ਹਾ ਗਵਰਨਰ 2024-25 ਲਾਇਨ ਐੱਸ.ਪੀ ਸੰਧੀ ਪੀ.ਵੀ.ਐਮ.ਸੀ.ਸੀ, ਨੰਬਰਦਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਜਰਨੈਲ ਸਿੰਘ ਝੜਮਰੀ, ਸਰਪ੍ਰਸਤ ਬਲਜਿੰਦਰ ਸਿੰਘ ਕਿੱਲੀ, ਮੁੱਖ ਸਲਾਹਕਾਰ ਕੁਲਵੰਤ ਸਿੰਘ ਝਾਮਪੁਰ ਤੋਂ ਇਲਾਵਾ ਹੋਰ ਮਾਣਮੱਤੀ ਹਸਤੀਆਂ ਸ਼ਮਾਂ ਰੋਸ਼ਨ, ਇਨਾਮਾਂ ਦੀ ਵੰਡ ਆਦਿ ਦੇ ਮਹੱਤਵਪੂਰਨ ਕਾਰਜ ਕਰਨਗੇ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ, ਸਕੱਤਰ ਲਾਇਨ ਜਸਪ੍ਰੀਤ ਕੌਰ ਸੰਧੂ, ਟਰੈਜਰਰ ਲਾਇਨ ਬਬਿਤਾ ਸੰਧੂ, ਪੀ.ਆਰ.ਓ ਲਾਇਨ ਰਣਜੀਤ ਸਿੰਘ ਅਨੁਸਾਰ ਸਨਮਾਨ ਚਿੰਨਾਂ ਦੀ ਸੇਵਾ ਨਿਭਾਈ ਜਾਵੇਗੀ। ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਲੰਗਰ ਦੀ ਸੇਵਾ ਨਿਭਾਈ ਜਾਵੇਗੀ। ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਵੱਲੋਂ ਪੰਡਾਲ ਸਜਾਉਣ ਦੀ ਸੇਵਾ ਨਿਭਾਈ ਜਾਵੇਗੀ। ਤਹਿਸੀਲ ਕੰਪਲੈਕਸ ਪਹੁੰਚਣ ਵਾਲੇ ਹਰ ਦੇਸ਼ ਪ੍ਰੇਮੀ ਦੇ ਸੀਨੇ ਉੱਪਰ ਤਿਰੰਗੇ ਝੰਡੇ ਦਾ ਬੈਜ ਲਗਾਕੇ ਦੇਸ਼ ਭਗਤ ਹੋਣ ਦਾ ਸਨਮਾਨ ਦਿੱਤਾ ਜਾਵੇਗਾ। ਸਮਾਗਮ ਵਿੱਚ ਫਸਟ ਆਉਣ ਵਾਲੇ ਬੱਚਿਆਂ ਨੂੰ ਉਚੇਚੇ ਤੌਰ 'ਤੇ ਸਨਮਾਨਿਆਂ ਜਾਵੇਗਾ। ਧਾਰਮਿਕ ਸੇਵਾ-ਭਾਵ ਵਾਲਿਆਂ ਨੂੰ ਭਗਤੀ ਪ੍ਰਸਾਰ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਥਾਣਾ ਮੁਖੀ ਸ੍ਰ. ਪਰਮਜੀਤ ਸਿੰਘ ਜੀ ਅਗਵਾਈ ਵਿੱਚ ਰਾਸ਼ਟਰੀ ਝੰਡੇ ਨੂੰ ਸਲਾਮੀ ਦਿੱਤੀ ਜਾਵੇਗੀ। ਨੰਬਰਦਾਰਾਂ ਸਮੇਤ ਇਲਾਕੇ ਦੀਆਂ ਹੋਰ ਸ਼ਖਸ਼ੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਸਮੂਹ ਦੇਸ਼ ਪ੍ਰੇਮੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕੀਤੀ ਹੈ ਉਹ 15 ਅਗਸਤ ਦਿਨ ਸ਼ੁਕਰਵਾਰ ਨੂੰ ਸਵੇਰੇ ਠੀਕ 8 ਵਜੇ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਪਰਿਵਾਰ ਅਤੇ ਸੰਗੀ ਸਾਥੀਆਂ ਸਮੇਤ ਪਹੁੰਚਕੇ ਦੇਸ਼ ਦੇ ਸ਼ਹੀਦਾਂ ਅਤੇ ਕੌਮੀ ਝੰਡੇ ਦੇ ਪ੍ਰਤੀ ਆਪਣਾ ਫਰਜ ਜਰੂਰ ਨਿਭਾਉਣ।

# ਲੈਂਡ ਪੂਲਿੰਗ ਪਾਲਿਸੀ ਵਾਪਸੀ 'ਤੇ ਡੇਰਾਬੱਸੀ ਵਿੱਚ ਭਾਜਪਾ ਆਗੂ ਸ. ਮਨਪ੍ਰੀਤ ਸਿੰਘ ਬੰਨੀ ਸੰਧੂ ਵੱਲੋਂ ਵੰਡੇ ਲੱਡੂ



**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਆਪ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਵਾਪਸ ਲੈਣ ਤੋਂ ਬਾਅਦ ਭਾਜਪਾ ਆਗੂ ਸ. ਮਨਪ੍ਰੀਤ ਸਿੰਘ ਬੰਨੀ (ਸੰਧੂ) ਨੇ ਹਲਕੇ ਦੇ ਵੱਖ-ਵੱਖ ਥਾਵਾਂ ਜਾ ਕੇ ਖੁਸ਼ੀ ਮਨਾਈ ਅਤੇ ਲੋਕਾਂ ਨੂੰ ਲੱਡੂ ਵੰਡੇ। ਇਸ ਮੌਕੇ ਬੰਨੀ ਸੰਧੂ ਨੇ ਕਿਹਾ ਕਿ ਅੱਜ ਪੰਜਾਬ ਬਗਿਆੜਾਂ ਦੇ ਮੂੰਹ ਤੋਂ ਬਚ ਗਿਆ ਹੈ, ਕਿਉਂਕਿ ਇਹ ਪਾਲਿਸੀ ਜਿਮੀਂਦਾਰਾਂ ਦੀਆਂ ਜ਼ਮੀਨਾਂ ਹੜਪਣ ਲਈ ਬਣਾਈ ਗਈ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਦੇ ਖਿਲਾਫ ਲੋਕ ਇਕੱਠੇ ਹੋਏ ਲੋਕਾਂ ਦੀ ਇਕੱਜੁਟਦਾ ਦੇ ਸਾਹਮਣੇ ਸਰਕਾਰ ਠਹਿਰ ਨਹੀਂ ਸਕੀ। ਇਹਨਾਂ ਨੂੰ ਗੋਡੇ ਟੇਕਣੇ ਪਏ ਅਤੇ ਪਾਲਿਸੀ ਵਾਪਸ ਲੈਣੀ ਪਈ। ਇਹਨਾਂ ਦੇ ਮਨਸੂਬੇ ਫੇਲ ਹੋ ਗਏ। ਸ. ਬੰਨੀ ਸੰਧੂ ਨੇ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਦੇ ਹਿੱਤਾਂ ਖ਼ਿਲਾਫ਼ ਸੀ, ਜਿਸ ਦਾ ਭਾਜਪਾ ਵੱਲੋਂ ਸ਼ੁਰੂ ਤੋਂ ਹੀ ਵਿਰੋਧ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫ਼ੈਸਲਾ ਲੋਕਾਂ ਦੀ ਇਕਜੁੱਟਤਾ ਅਤੇ ਆਵਾਜ਼ ਦੀ ਜਿੱਤ ਹੈ। ਬੰਨੀ ਸੰਧੂ ਨੇ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਅਤੇ ਸਾਰਾ ਕੈਬਨਟ ਲੋਕਾਂ ਨੂੰ ਝੂਠ ਬੋਲਦਾ ਰਿਹਾ। ਉਨ੍ਹਾਂ ਕਿਹਾ ਕਿ ਅਜੇ ਤੱਕ ਜੋ ਜਾਣਕਾਰੀ ਹੈ, ਉਸ ਮੁਤਾਬਕ ਪਾਲਿਸੀ ਪੂਰੀ ਤਰ੍ਹਾਂ ਰੱਦ ਹੋ ਚੁੱਕੀ ਹੈ। ਪਰ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਹੈ ਕਿ ਇਸ ਸਰਕਾਰ ਤੇ ਭਰੋਸਾ ਨਾ ਕੀਤਾ ਜਾਵੇ। ਇਹਨਾਂ ਵੱਲੋਂ ਕੈਬਨਟ 'ਚ ਪਾਸ ਹੋਈ ਹਰ ਚੀਜ਼ ਤੇ ਨਿਗਰਾਨੀ ਰੱਖੋ। ਇਸ ਦੌਰਾਨ ਉਨ੍ਹਾਂ ਨੇ ਹਲਕੇ ਦੇ ਨਿਵਾਸੀਆਂ ਦਾ ਧੰਨਵਾਦ ਵੀ ਕੀਤਾ, ਜਿਨ੍ਹਾਂ ਨੇ ਇਸ ਮਾਮਲੇ ਵਿੱਚ ਆਪਣੀ ਭੂਮਿਕਾ ਨਿਭਾਈ ਅਤੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਭਾਜਪਾ ਹਮੇਸ਼ਾ ਕਿਸਾਨਾਂ, ਜ਼ਮੀਨਦਾਰਾਂ ਅਤੇ ਆਮ ਲੋਕਾਂ ਦੇ ਹੱਕ ਲਈ ਮਜ਼ਬੂਤੀ ਨਾਲ ਖੜ੍ਹੀ ਰਹੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਾਰਤੀ ਅਦਾਕਾਰਾ ਅਤੇ ਗਾਇਕਾ ਪਦਮਨੀ ਕੋਲਹਾਪੁਰੀ ਰੂਬਰੂ ਸਮਾਗਮ 'ਚ ਯਾਦਾਂ ਸਾਂਝੀਆਂ ਕਰਦਿਆਂ ਦਸਿਆ ਅਦਾਕਾਰੀ ਸਿਰਫ਼ ਪੇਸ਼ਾ ਨਹੀਂ, ਮੇਰੇ ਲਈ ਰੂਹ ਦੀ ਆਵਾਜ਼ ਰਹੀ





**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਭਾਰਤੀ ਅਦਾਕਾਰਾ ਅਤੇ ਗਾਇਕਾ ਪਦਮਨੀ ਕੋਲਹਾਪੁਰੀ ਰੂਬਰੂ ਸਮਾਗਮ ਚ ਯਾਦਾਂ ਸਾਂਝੀਆ ਕਰਦਿਆ ਦਸਿਆ ਅਦਾਕਾਰੀ ਸਿਰਫ਼ ਪੇਸ਼ਾ ਨਹੀਂ, ਮੇਰੇ ਲਈ ਰੂਹ ਦੀ ਆਵਾਜ਼ ਰਹੀ ਨਰਿੰਦਰ ਬੈਂਸ ਨੇ ਕਿਹਾ ਕਿ ਅਦਾਕਾਰਾ ਅਤੇ ਗਾਇਕਾ ਪਦਮਨੀ ਕੋਲਹਾਪੁਰੀ ਨੇ ਬਚਪਨ ਵਿੱਚ ਪ੍ਰਸਿੱਧ ਫਿਲਮਾਂ ਚ ਚੁਣੌਤੀਪੂਰਨ ਰੋਲ ਨਿਭਾ ਕੇ ਪ੍ਰੇਮ ਰੋਗ ਸਮੇਤ ਚੋਟੀ ਦੀਆਂ ਫਿਲਮਾਂ ਚ ਬੇਹਤਰੀਨ ਕਿਰਦਾਰ ਰਾਹੀ ਸਰੋਤਿਆਂ ਦੇ ਮਨਾਂ ਚ ਵੱਖਰਾ ਸਥਾਨ ਹਾਸਲ ਕੀਤਾ ।ਪਦਮਨੀ ਵਰਗੀਆਂ ਅਦਾਕਾਰਾ ਸਿਰਫ਼ ਕੈਮਰੇ ਦੇ ਸਾਹਮਣੇ ਹੀ ਨਹੀਂ, ਜ਼ਿੰਦਗੀ ਵਿੱਚ ਵੀ ਰੌਸ਼ਨੀ ਫੈਲਾਉਂਦੀਆਂ ਹਨ। ।ਪਦਮਨੀ ਕੋਲਹਾਪੁਰੀ ਨਾਲ ਮੀਟ ਐਂਡ ਗ੍ਰੀਟ ਸਮਾਗਮ ਦੇ ਮੁਖ ਪ੍ਰਬੰਧਕ ਨਰਿੰਦਰ ਬੈਂਸ ਅਖੰਡ ਹੋਮਜ਼,ਦੀਪ ਘੁਮਾਣ, ਮਨਵੀਰ ਸ਼ਰਮਾ, ਸ਼ੁਭਮ ਗੋਇਲ ਵਲੋ ਇੱਕ ਵਿਸ਼ੇਸ਼ ਸਮਾਗਮ ਐਡੀਲੇਡ ਓਮਨੀ ਫੰਕਸ਼ਨ ਸੈਂਟਰ ਸ਼ਾਮ 6 ਵਜੇ ਤੋਂ ਦੇਰ ਰਾਤ ਤੱਕ ਆਯੋਜਿਤ ਕੀਤਾ ਗਿਆ।ਸਟੇਜ ਤੋ ਪੇਸ਼ਕਾਰੀ ਪੈਨੀ ਕੌਰ ਤੇ ਵਿਲਬਰ ਵਲੋ ਖੂਬਸੂਰਤ ਢੰਗ ਨਾਲ ਪਦਮਨੀ ਕੋਲਹਾਪੁਰੀ ਬਾਰੇ ਜਾਣਕਾਰੀ ਸਾਂਝੀ ਕਰਦਿਆ ਉਨਾ ਦਾ ਨਿਘਾ ਸਵਾਗਤ ਕੀਤਾ। ਪਦਮਨੀ ਕੋਲਹਾਪੁਰੀ ਨੇ ਵਿਅਕਤੀਗਤ ਚੋਣ, ਤੇ ਫਿਲਮ ਇੰਡਸਟਰੀ ਵਿੱਚ ਹੋ ਰਹੀਆਂ ਤਬਦੀਲੀਆਂ 'ਤੇ ਖੁੱਲ੍ਹ ਕੇ ਗੱਲ ਕੀਤੀ,ਜਦੋਂ ਸੁਰੂਆਤ ਕੀਤੀ ਮੈਨੂੰ ਸਮਝ ਨਹੀਂ ਸੀ ਮਾਪਿਆਂ ਨੇ ਕਿਹਾ ਦੋ ਦਿਨ ਦਾ ਸ਼ੂਟ ਹੈ,ਪਰ ਉਹ ਦੋ ਦਿਨ ਕਾਫੀ ਸਨ ਮੇਰੇ ਅੰਦਰ ਦੀ ਅਦਾਕਾਰਾ ਨੂੰ ਜਾਗਣ ਲਈ।ਉਸਦੇ ਪਿਤਾ ਕਲਾਸੀਕਲ ਗਾਇਕ ਸਨ ਘਰ 'ਚ ਸੰਗੀਤ, ਨਾਟਕ ਤੇ ਕਲਾ ਦੀ ਗੂੰਜ ਹਮੇਸ਼ਾ ਰਹੀ।ਅਦਾਕਾਰੀ ਸਿਰਫ਼ ਪੇਸ਼ਾ ਨਹੀਂ, ਮੇਰੇ ਲਈ ਰੂਹ ਦੀ ਆਵਾਜ਼ ਰਹੀ ਮੇਰੇ ਲਈ 'ਪ੍ਰੇਮ ਰੋਗ' ਵਰਗੇ ਕਿਰਦਾਰ ਥੇਰਾਪੀ ਵਾਂਗ ਤੇ ਚੁਣੌਤੀਪੂਰਨ ਸਨ,ਉਨ੍ਹਾਂ ਦੇ ਕਿਰਦਾਰ ਸਿਰਫ਼ ਸਕ੍ਰੀਨ ਉੱਤੇ ਨਹੀਂ, ਦਰਸ਼ਕਾਂ ਦੇ ਦਿਲਾਂ ਵਿੱਚ ਜੀਉਂਦੇ ਹਨ।ਬਾਲ ਅਦਾਕਾਰਾ ਤੋਂ ਲੈ ਕੇ ਬਾਲੀਵੁੱਡ ਦੀ ਅਦਾਕਾਰਾ ਤੱਕ ਦੀ ਯਾਤਰਾ ਤੁਹਾਡੇ ਸਭਨਾਂ ਦੇ ਸਹਿਯੋਗ ਸਦਕਾ ਸੰਭਵ ਹੋ ਸਕੀ ਓਨਾ ਨੇ ਐਡੀਲੇਡ ਸਹਿਰ ਨੂੰ ਅਤੀ ਖੂਬਸੂਰਤ ਆਖਦੇ ਹੋਏ ਸਮਾਗਮ ਵਿੱਚ ਸਭਨਾਂ ਦੇ ਪਹੁੰਚਣ ਤੇ ਸਤਕਾਰ ਦੇਣ ਲਈ ਧੰਨਵਾਦ ਕਰਦਿਆ ਖੁਸ਼ੀ ਦਾ ਪ੍ਰਗਟਾਵਾ ਕੀਤਾ।

## ਪੰਜਾਬ ਸੰਭਾਲੋ ਯਾਤਰਾ ਦੇ ਤਹਿਤ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਵਿਧਾਨ ਸਭਾ ਹਲਕਾ ਫਿਲੌਰ ਦੀ ਦੁਸਾਂਝ ਕਲਾਂ ਵਿਖੇ ਮੀਟਿੰਗ



**ਫਿਲੌਰ/ਅੱਪਰਾ (ਦੀਪਾ)-** ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਬਸਪਾ ਵਿਧਾਨ ਸਭਾ ਹਲਕਾ ਫਿਲੌਰ ਵਲੋਂ 18 ਅਗਸਤ ਨੂੰ ਰੱਖੇ ਵਿਸ਼ਾਲ ਰੋਸ ਮਾਰਚ ਨੂੰ ਸਫਲ ਬਣਾਉਣ ਲਈ ਦੁਸਾਂਝ ਕਲਾਂ ਸਰਕਲ ਦੇ ਆਹੁਦੇਦਾਰਾਂ ਦੀ ਮੀਟਿੰਗ ਕੀਤੀ ਗਈ ਤੇ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਤੇ ਰਾਮ ਸਰੂਪ ਚੰਬਾ ਸੀਨੀਅਰ ਬਸਪਾ ਆਗੂ,ਮੋਹਣ ਲਾਲ ਇੰਦਨਾ, ਹਰਮੇਸ਼ ਵਿਰਦੀ, ਸੁਖਦੇਵ ਔਜਲਾ, ਮਹਿੰਦਰ ਪਾਲ ਫਿੰਦਣਾ, ਮਹਿੰਦਰ ਪਾਲ ਕਮਾਲ ਪੁਰ, ਗੁਰਦਿਆਲ ਰਾਣਾ ਵਿਰਕ, ਹੁਸਨ ਲਾਲ ਅਨੀਹਰ, ਕੁਲਦੀਪ ਬੱਲੀ ਸੈਕਟਰ ਪ੍ਰਧਾਨ, ਮਾਸਟਰ ਹਰਬੰਸ,ਜਿੰਦਰ ਵਿਰਕ ਆਦਿ ਸਾਥੀ ਹਾਜ਼ਰ ਸਨ।

## ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੇ ਸ਼ਹਿਰ ਦੀ ਸਫਾਈ ਸੰਬੰਧੀ ਕਾਰਜਸਾਧਕ ਅਫ਼ਸਰ ਨੂੰ ਸੌਂਪਿਆ ਮੰਗ ਪੱਤਰ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ (ਰਜਿ.)ਨੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਇਕ ਵਫਦ ਵਲੋਂ ਕਾਰਜਸਾਧਕ ਅਫਸਰ ਨਗਰ ਕੌਂਸਲ ਗੜ੍ਹਸ਼ੰਕਰ ਦੇ ਨਾਮ ਇੱਕ ਮੰਗ ਪੱਤਰ ਵਾਈਸ ਪ੍ਰਧਾਨ ਕਿਰਪਾਲ ਸਿੰਘ ਪਾਲਾ ਨੂੰ ਸੌਂਪਿਆ ਗਿਆ। ਜਿਸ ਵਿੱਚ ਬੰਗਾ ਰੋਡ ਐਸ.ਡੀ. ਪਬਲਿਕ ਸਕੂਲ ਅਤੇ ਸਮਸ਼ਾਨ ਘਾਟ ਦੇ ਕੋਲ ਖੜ੍ਹੇ ਗੰਦੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ ਮੰਗ ਕੀਤੀ ਗਈ । ਇਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ,ਸਮਾਜ ਸੇਵੀ ਅਤੇ ਪੱਤਰਕਾਰ ਬਲਜਿੰਦਰ ਸਿੰਘ ਕਿਤਨਾ ,ਉੱਘੇ ਸਮਾਜ ਸੇਵੀ ਬੀਰ ਸ਼ਿਵਦੇਵ ਸਿੰਘ ਰਾਣਾ, ਸਾਬਕਾ ਕੌਂਸਲਰ ਹਰਿੰਦਰ ਸਿੰਘ ਮਾਨ, ਸੁਮੀਤ ਸੋਨੀ ਕੌਂਸਲਰ, ਥਾਣੇਦਾਰ ਬਖਸ਼ੀਸ ਸਿੰਘ ਆਦਿ ਉਚੇਚੇ ਤੌਰ ਤੇ ਹਾਜਿਰ ਹੋਏ । ਇਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ ਨੇ ਕਿਹਾ ਕਿ ਪਿਛਲੇ ਇਕ ਦਹਾਕੇ ਤੋਂ ਸਾਡੀਆਂ ਸਰਕਾਰਾਂ ਹਰ ਸਾਲ ਦੋ ਅਕਤੂਬਰ ਨੂੰ ਰਾਸ਼ਟਰੀ ਸਵਛਤਾ ਦਿਨ ਮਨਾਉਂਦੀਆਂ ਹਨ , ਅਤੇ ਸਫਾਈ ਦੇ ਬੜੇ ਬੜੇ ਦਾਅਵੇ ਕਰਦੀਆਂ ਹਨ,ਜੋ ਕਿ ਕਾਗਜਾਂ ਤਕ ਹੀ ਸੀਮਤ ਰਹਿ ਜਾਂਦੇ ਹਨ ਪਰ ਜਮੀਨੀ ਹਕੀਕਤ ਇਸ ਤੋਂ ਅਲੱਗ ਹੈ ,ਥਾਂ ਥਾਂ ਗੰਦਗੀ ਦੇ ਢੇਰ ਲੱਗੇ ਦੇਖਣ ਨੂੰ ਆਮ ਮਿਲ ਜਾਂਦੇ ਹਨ, ਪ੍ਰਸ਼ਾਸ਼ਨ ਨੂੰ ਮੁਹੱਲਿਆਂ ਚ ਗਿੱਲੇ ਅਤੇ ਸੁੱਕੇ ਕੂੜੇ ਲਈ ਪਲਾਸਟਿਕ ਦੇ ਡਸਟਬਿਨ ਰਖਣੇ ਚਾਹੀਦੇ ਹਨ । ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਬੰਗਾ ਰੋਡ ਨਹਿਰ ਦੇ ਕੋਲ ਐਸ ਡੀ ਪਬਲਿਕ ਸਕੂਲ ਦੇ ਸਾਹਮਣੇ ਸ਼ਮਸ਼ਾਨ ਭੂਮੀ ਦੇ ਨਾਲ ਇਕ ਗੰਦੇ ਪਾਣੀ ਦਾ ਛੱਪੜ ਲਗਾ ਹੋਇਆ, ਇਥੇ ਬੰਗਾ ਰੋਡ ਦੇ ਅਧੀਨ ਆਉਂਦੇ ਮੁਹੱਲਿਆਂ ਦਾ ਗੰਦਾ ਪਾਣੀ ਇਸੇ ਛੱਪੜ ਵਿੱਚ ਪੈਂਦਾ ਹੈ ,ਜੋ ਕਿ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ, ਉਸ ਉਪਰ ਡੇਂਗੂ ਵਾਲੇ ਮੱਛਰ ਦਾ ਜਮਾਵੜਾ ਹਰ ਸਮੇਂ ਭਾਰੀ ਗਿਣਤੀ ਵਿੱਚ ਰਹਿੰਦਾ ਹੈ, ਜੋ ਕਿ ਸਕੂਲ ਦੇ ਬੱਚਿਆਂ ਨੂੰ ਕਿਸੇ ਵੀ ਸਮੇਂ ਭਿਆਨਕ ਬਿਮਾਰੀ ਦੀ ਚਪੇਟ ਵਿੱਚ ਲੈ ਸਕਦਾ ਹੈ, ਇਸ ਛੱਪੜ ਨੂੰ ਜਲਦੀ ਤੋਂ ਜਲਦੀ ਇਥੋਂ ਹਟਾਉਣਾ ਚਾਹੀਦਾ ਹੈ। ਬਲਜਿੰਦਰ ਸਿੰਘ ਕਿੱਤਣਾ ਨੇ ਕਿਹਾ ਕਿ ਮੁਹੱਲਿਆਂ ਚ ਪਏ ਖਾਲੀ ਪਲਾਟ ਕੂੜੇ ਦੇ ਢੇਰਾਂ ਅਤੇ ਨਸ਼ੀਲੀਆਂ ਜੜੀਆਂ ਬੂਟੀਆਂ ਦਾ ਘਰ ਬਣ ਰਹੇ ਹਨ ,ਜਿੱਥੇ ਨਸ਼ਾ ਕਰਨ ਵਾਲੇ ਸ਼ਰਾਰਤੀ ਤੱਤਾਂ ਦਾ ਜਮਾਵੜਾ ਬਣਿਆਂ ਰਹਿਣ ਕਰਕੇ ਲੁੱਟ ਖੋਹ ਦੀਆਂ ਵਾਰਦਾਤਾਂ ਦਾ ਕਾਰਨ ਬਣਦੇ ਹਨ। ਇਸ ਵੱਲ੍ਹ ਵੀ ਯੋਗ ਧਿਆਨ ਦਿੱਤਾ ਜਾਵੇ। ਜੁਆਇੰਟ ਸਕੱਤਰ ਬਲਾਕ ਸੰਤੋਖ ਸਿੰਘ ਨੇ ਕਿਹਾ ਕਿ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੀ ਬਹੁ ਗਿਣਤੀ ਵਿੱਚ ਭਰਮਾਰ ਹੈ, ਹਰ ਗਲੀ ਮੁਹੱਲੇ ਵਿੱਚ ਇਹ ਕੁੱਤੇ ਆਮ ਘੁੰਮਦੇ ਮਿਲ ਜਾਂਦੇ ਹਨ। ਇਹ ਕਿਸੇ ਵੀ ਸਮੇਂ ਬੱਚਿਆਂ ਜਾ ਬਜ਼ੁਰਗ ਵਸਨੀਕਾਂ ਨੂੰ ਕੱਟ ਕੇ ਦੁਰਘਟਨਾ ਗ੍ਰਸਤ ਕਰ ਸਕਦੇ ਹਨ। ਜਿਸ ਦਾ ਹਰ ਸਮੇਂ ਡਰ ਦਾ ਮਹੌਲ ਬਣਿਆ ਰਹਿੰਦਾ ਹੈ ਉਹਨਾਂ ਮੰਗ ਕੀਤੀ ਕਿ ਇਹਨਾਂ ਨੂੰ ਕਾਬੂ ਕਰਨ ਅਤੇ ਪਾਲਤੂ ਕੁੱਤਿਆਂ ਦੇ ਮਾਲਕਾਂ ਲਈ ਸਖ਼ਤ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ, ਜੋ ਕਿ ਥਾਂ ਥਾਂ ਤੇ ਕੁੱਤੇ ਘੁਮਾ ਕੇ ਗੰਦਗੀ ਫੈਲਾਉਂਦੇ ਹਨ । ਇਸ ਮੌਕੇ ਹਾਜਿਰ ਵਾਈਸ ਪ੍ਰਧਾਨ ਕਿਰਪਾਲ ਸਿੰਘ ਪਾਲਾ ਵਲੋ ਛੇਤੀ ਹੀ ਇਹਨਾਂ ਮੰਗਾ ਦੇ ਹਲ ਲਈ ਠੋਸ ਕਦਮ ਚੁੱਕਣ ਅਤੇ ਜਲਦੀ ਹੀ ਲੋੜੀਂਦੀ ਕਾਰਵਾਈ ਦਾ ਆਏ ਹੋਏ ਮੋਹਤਵਰ ਸੱਜਣਾ ਨੂੰ ਭਰੋਸਾ ਦਿੱਤਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਥਾਣੇਦਾਰ ਬਖਸੀਸ ਸਿੰਘ,ਉੱਘੇ ਸਮਾਜ ਸੇਵੀ ਬੀਰ ਸ਼ਿਵਦੇਵ ਸਿੰਘ,ਬਲਜਿੰਦਰ ਸਿੰਘ ਕਿਤਨਾ, ਸੁਰਜੀਤ ਸਿੰਘ , ਹਰਿੰਦਰ ਵ ਸਿੰਘ ਮਾਨ, ਸੁਮਿਤ ਕੁਮਾਰ ਸੋਨੀ ਕੌਂਸਲਰ,ਪਰਮਜੀਤ ਸਿੰਘ ਪੰਮਾ ਅਤੇ ਹੋਰ ਪਤਵੰਤੇ ਹਾਜਰ ਸਨ।

# ਆਦਿ ਧਰਮ ਮਿਸ਼ਨ ਗੁਰੂਆਂ, ਵਿਦਵਾਨਾਂ ਵਲੋਂ ਸਮਾਜਿਕ ਤੇ ਰਾਜਨੀਤਕ ਪਰਿਵਰਤਨ ਲਈ ਆਰੰਭ ਕੀਤਾ ਕ੍ਰਾਂਤੀਕਾਰੀ ਅੰਦੋਲਨ - ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਵਿਸ਼ੇਸ਼ ਮੁਲਾਕਾਤ ਸਮੇਂ ਕਿਹਾ ਕਿ ਆਦਿ ਧਰਮ ਮਿਸ਼ਨ ਗੁਰੂਆਂ, ਰਹਿਬਰਾਂ, ਵਿਦਵਾਨਾਂ ਵਲੋਂ ਸਮਾਜਿਕ ਤੇ ਰਾਜਨੀਤਕ ਪਰਿਵਰਤਨ ਲਈ ਆਰੰਭ ਕੀਤਾ ਕ੍ਰਾਂਤੀਕਾਰੀ ਅੰਦੋਲਨ ਹੈ ਜਿਸਦੀ ਚਰਚਾ ਵਿਸ਼ਵਭਰ ਵਿਚ ਹੋ ਰਹੀ ਹੈ। ਉਨਾਂ ਕਿਹਾ ਸਤਿਗੁਰੂ ਰਵਿਦਾਸ ਜੀ ਮਹਾਰਾਜ, ਭਗਵਾਨ ਸ੍ਰੀ ਬਾਲਮੀਕ ਜੀ ਅਤੇ 19ਵੀਂ ਸਦੀ ਦੇ ਕ੍ਰਾਂਤੀਕਾਰੀ ਵਿਦ-ਵਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ , ਮਹਾਤਮਾ ਜੋਤੀ ਰਾਓ ਫੂਲੇ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਨੇ ਸਦੀਆਂ ਤੋਂ ਲਤਾੜੇ ਜਾ ਰਹੇ ਗਰੀਬਾਂ ,ਆਦਿ ਵਾਸੀਆਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਇਕਜੁੱਟ ਕੀਤਾ ਅਤੇ ਮਜਬੂਤ ਸਮਾਜਿਕ , ਰਾਜਨੀਤਕ ਪਲੇਟਫਾਰਮ ਪ੍ਰਦਾਨ ਕੀਤਾ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਸ਼ਹਿਰ (ਭੇਦਭਾਵ



ਰਹਿਤ ਨਗਰ) ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵੱਡੀ ਜਦੋਜਹਿਦ ਕੀਤੀ ਅਤੇ ਸਦੀਆਂ ਦੇ ਹਨ੍ਹੇਰੇ ਨੂੰ ਮਿਟ-ਾਉਣ ਵਾਲਾ ਸੰਵਿਧਾਨਕ ਦੀਵਾ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲਿਖਕੇ ਕਰੋੜਾਂ ਲੋਕਾਂ ਦੇ ਜੀਵਨ ਵਿਚ ਉਜਾਲਾ ਕਰ ਦਿੱਤਾ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਨੇ ਉੱਚ-ਨੀਵ, ਜਾਤ-ਪਾਤ ਦੇ ਬੰਧਨਾਂ ਨੂੰ ਤੋੜਕੇ ਇਨਸਾਨੀਅਤ ਦਾ ਮੰਤਰ ਦਿੱਤਾ ਜਿਸ ਰਾਹੀਂ ਉਨਾਂ "ਐਸਾ ਚਾਹੂੰ ਰਾਜ ਮੈ, ਜਹਾਂ ਮਿਲੈ ਸਭਨ ਕੋ ਅੰਨ।

ਛੋਟ ਬੜੇ ਸਭ ਸਮ ਬਸੈ, ਰਵਿਦਾਸ ਰਹੈ ਪ੍ਰਸੰਨ॥" ਐਸੇ ਰਾਜਭਾਗ ਦੀ ਕਾਮਨਾ ਕੀਤੀ ਜਿਥੇ ਹਰ ਕਿਸੇ ਨੂੰ ਖਾਣ ਲਈ ਰੋਟੀ, ਪਹਿਨਣ ਲਈ ਕੱਪੜਾ, ਰਹਿਣ ਲਈ ਘਰ ਹੋਵੇ। ਉਹਨਾਂ ਦਾ ਸੁਪਨਾ ਸੀ ਇੱਕ ਐਸਾ ਸਮਾਜ ਜਿੱਥੇ ਸਭਨੂੰ ਸਮਾਨ ਮੌਕੇ ਮਿਲਣ, ਜਿੱਥੇ ਕਿਸੇ ਨੂੰ ਹੇਠਾਂ ਧੱਕ ਕੇ ਕੋਈ ਉੱਪਰ ਨਾ ਚੜ੍ਹੇ। ਭਿੰਨ ਭੇਦ, ਜਾਤ ਪਾਤ, ਨਸਲ ਦਾ ਵਿਤਕਰਾ ਨਾ ਹੋਵੇ , ਸਭਨੂੰ ਜੀਵਨ ਬਸਰ ਕਰਨ ਦੇ ਸਮਾਨੰਤਰ , ਬਰਾਬਰ ਮੌਕੇ ਮਿਲਣ। ਸਤਿਗੁਰੂ ਰਵਿਦਾਸ ਜੀ ਦੇ ਇਸ ਮਨੁੱਖਤਾ ਦੇ ਲਈ ਚਲਾਏ ਅੰਦੋਲਨ ਨੂੰ ਆਦਿ ਧਰਮ ਦੇ ਰਹਿਬਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਨੇ ਜੀਵਨ ਭਰ ਦੇ ਤਿਆਗ ਅਤੇ ਸੰਘਰਸ਼ ਰਾਹੀਂ ਅੱਗੇ ਤੋਰਿਆ। ਉਨਾਂ ਕਿਹਾ ਆਦਿ ਧਰਮ ਲਹਿਰ ਨੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੇ ਅੰਦੋਲਨ ਨੂੰ ਸਿਖਰਾਂ ਤੱਕ ਪਹੁੰਚਾਇਆ ਅਤੇ ਇੰਨਸਾਫ ਦੀ ਨੀਂਹ ਮਜਬੂਤ ਕੀਤੀ। ਉਨਾਂ ਕਿਹਾ ਸਤਿਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਦਾ ਸੁਪਨਾ ਤਦ ਹੀ ਸਾਕਾਰ ਹੋਵੇਗਾ ਜਦ ਅਸੀਂ "ਪੜ੍ਹੋ ਜੁੜੋ ਤੇ ਸੰਘਰਸ਼ ਕਰੋ" ਦੇ ਮਿਸ਼ਨ ਤੇ ਚਲਕੇ

ਸਿੱਖਿਅਤ, ਗਿਆਨਵਾਨ ਅਤੇ ਜਾਗਰੂਕਤਾ ਹੋਵਾਂਗੇ। ਸੰਤ ਹੀਰਾ ਨੇ ਸਮੂਹ ਦੇਸ਼ ਵਿਦੇਸ਼ ਅੰਦਰ ਵਸਦੇ ਆਦਿ ਧਰਮੀਆਂ, ਬਹੁਜਨਾਂ ਨੂੰ ਅਪੀਲ ਕੀਤੀ ਕਿ ਆਓ, ਅਸੀਂ ਸਾਰੇ ਮਿਲ ਕੇ ਇਸ ਕ੍ਰਾਂਤੀਕਾਰੀ ਅੰਦੋਲਨ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ। ਇਹੀ ਸੱਚਾ ਸਤਿਸੰਗ ਹੈ, ਇਹੀ ਅੱਜ ਦਾ ਧਰਮ ਯੁੱਧ ਹੈ।

# ਆਜ਼ਾਦੀ ਦਿਹਾੜੇ ਮੌਕੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਲਹਿਰਾਉਣਗੇ ਤਿਰੰਗਾ ਝੰਡਾ

## ਬੁੱਧਵਾਰ ਨੂੰ ਹੋਵੇਗੀ ਫੁੱਲ ਡਰੈਸ ਰਿਹਰਸਲ - ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ 79ਵੇਂ ਸੁਤੰਤਰਤਾ ਦਿਵਸ ਮੌਕੇ 15 ਅਗਸਤ ਨੂੰ ਸਥਾਨਕ ਆਈ.ਟੀ.ਆਈ. ਗਰਾਊਂਡ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ । ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਆਜ਼ਾਦੀ ਦਿਹਾੜੇ ਦੇ ਜ਼ਿਲਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ ’ਤੇ ਚੱਲ ਰਹੀਆਂ ਹਨ । ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਵੱਖ-ਵੱਖ ਟੁਕੜੀਆਂ ਵੱਲੋਂ ਮਾਰਚ ਪਾਸਟ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ’ਤੇ ਆਧਾਰਿਤ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਲਈ ਰਿਹਰਸਲ ਜਾਰੀ ਹੈ । ਉਨ੍ਹਾਂ ਦੱਸਿਆ ਕਿ ਸਮਾਗਮ ਲਈ ਫੁੱਲ ਡਰੈਸ ਰਿਹਰਸਲ 13 ਅਗਸਤ ਨੂੰ ਕੀਤੀ ਜਾਵੇਗੀ । ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਕਮਿਸ਼ਨਰ ਨੇ ਦੱਸਿਆ ਕਿ ਕੈਬਨਿਟ ਮੰਤਰੀ 15 ਅਗਸਤ ਨੂੰ ਸਵੇਰੇ ਖਟਕੜ੍ਹ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਆਈ.ਟੀ.ਆਈ.ਗਰਾਊਂਡ ਵਿਖੇ ਰਾਸ਼ਟਰੀ ਝੰਡਾ ਲਹਿਰਾਉਣਗੇ । ਜ਼ਿਕਰਯੋਗ ਹੈ ਕਿ ਮਾਰਚ ਪਾਸਟ ਵਿੱਚ ਪੰਜਾਬ ਪੁਲਿਸ (ਪੁਰਸ਼) ਅਤੇ ਮਹਿਲਾਵਾਂ ਦੀਆਂ ਟੁਕੜੀਆਂ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਦੀਆਂ ਟੁਕੜੀਆਂ ਅਤੇ ਬੈਂਡ ਸ਼ਾਮਿਲ ਹੋਵੇਗਾ। ਆਈ.ਟੀ.ਆਈ. ਗਰਾਊਂਡ ਵਿਖੇ ਅੱਜ ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਅਤੇ ਐਸ.ਡੀ.ਐਮ. ਅਨਮਜੋਤ ਕੌਰ ਨੇ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ । ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਸੀ.ਐਮ. ਯੋਗਸ਼ਾਲਾ, ਨਾਰੀ ਸ਼ਕਤੀ, ਗਤਕਾ ਦੀ ਪੇਸ਼ਕਾਰੀ, ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਜਾਵੇਗਾ ।

for more news visit:
www.samajweekly.com

# ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਥਾਨਕ ਪੁਲਿਸ ਲਾਈਨ ਗਰਾਊਂਡ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਕਰਵਾਉਣ ਲਈ ਤਿਆਰੀਆਂ ਅੰਤਿਮ ਪੜਾਅ 'ਤੇ ਹਨ। ਇਸ ਸਬੰਧ ਵਿਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਤਿਆਰੀਆਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਮੀਟਿੰਗ ਵਿਚ ਸਮਾਗਮ ਨਾਲ ਸਬੰਧਤ ਸਾਰੇ ਪਹਿਲੂਆਂ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਕਿ ਪ੍ਰੋਗਰਾਮ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਾ ਰਹੇ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਦੇਸ਼ ਭਗਤੀ ਅਤੇ ਏਕਤਾ ਦਾ ਪ੍ਰਤੀਕ ਹੈ, ਜਿਸ ਨੂੰ ਪੂਰੇ ਉਤਸ਼ਾਹ ਅਤੇ ਅਨੁਸ਼ਾਸਨ ਨਾਲ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਮੁੱਖ ਸਥਾਨ ਦੀ ਸਜਾਵਟ, ਸਟੇਜ ਪ੍ਰਬੰਧ, ਬੈਠਣ ਦੀਆਂ ਸਹੂਲਤਾਂ, ਸੁਰੱਖਿਆ ਪ੍ਰਬੰਧ, ਟ੍ਰੈਫਿਕ ਪ੍ਰਬੰਧਨ ਅਤੇ ਐਮਰਜੈਂਸੀ ਸੇਵਾਵਾਂ ਦੀ ਉਪਲਬੱਧਤਾ ਸਮੇਤ ਸਾਰੀਆਂ ਤਿਆਰੀਆਂ ਸਮੇਂ ਸਿਰ ਪੂਰੀਆਂ ਕਰਨ ਦੇ ਨਿਰਦੇਸ਼ ਦਿੱਤੇ। ਨਾਲ ਹੀ ਉਨ੍ਹਾਂ ਮੀਂਹ ਪੈਣ ਦੀ ਸਥਿਤੀ ਵਿਚ ਬਦਲਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕਿਹਾ।ਉਨ੍ਹਾਂ ਜ਼ਿਲ੍ਹਾ ਪੁਲਿਸ ਅਤੇ ਟ੍ਰੈਫਿਕ ਵਿਭਾਗ ਨਾਲ ਤਾਲਮੇਲ ਕਰਕੇ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਨ ਲਈ ਇਕ ਮਜ਼ਬੂਤ ਯੋਜਨਾ ਤਿਆਰ ਕਰਨ 'ਤੇ ਜ਼ੋਰ ਦਿੱਤਾ। ਏ.ਡੀ.ਸੀ ਨੇ ਵਿਸ਼ੇਸ਼ ਤੌਰ 'ਤੇ ਆਜ਼ਾਦੀ ਦਿਵਸ 'ਤੇ ਆਯੋਜਿਤ ਪਰੇਡ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਰਿਹਰਸਲ ਸਮੇਂ ਸਿਰ ਅਤੇ ਯੋਜਨਾਬੱਧ ਢੰਗ ਨਾਲ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਪ੍ਰੋਗਰਾਮ ਵਾਲੇ ਦਿਨ ਸਾਰੀਆਂ ਗਤੀਵਿਧੀਆਂ ਸੁਚਾਰੂ ਢੰਗ ਨਾਲ ਚੱਲ ਸਕਣ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਅਤੇ ਟੀਮ ਭਾਵਨਾ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਜੋ ਆਜ਼ਾਦੀ ਦਿਵਸ ਦੇ ਜਸ਼ਨ ਨਾ ਸਿਰਫ਼ ਪ੍ਰਸ਼ਾਸਕੀ ਦ੍ਰਿਸ਼ਟੀਕੋਣ ਤੋਂ ਸਫਲ ਬਣਨ, ਸਗੋਂ ਜ਼ਿਲ੍ਹੇ ਦੇ ਨਾਗਰਿਕਾਂ ਲਈ ਇਕ ਯਾਦਗਾਰੀ ਅਨੁਭਵ ਵੀ ਬਣ ਸਕੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਹਰੇਕ ਨਾਗਰਿਕ ਲਈ ਮਾਣ ਦਾ ਮੌਕਾ ਹੈ ਅਤੇ ਇਸ ਨੂੰ ਪੂਰੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਜਾਣਾ ਚਾਹੀਦਾ ਹੈ। ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿਖੇ "ਅੰਰਰਾਸ਼ਟਰੀ ਯੂਥ ਦਿਵਸ" ਮਨਾਇਆ ਗਿਆ

**ਕਪੂਰਥਲਾ ( ਕੌੜਾ)-** ਡਿਪਟੀ ਡਾਇਰੈਕਟਰ ਯੁਵਕ ਸੇਵਾਂਵਾ ਕਲੱਬ ਕਪੂਰਥਲਾ ਵੱਲੋ ਜਾਰੀ ਹੁਕਮਾਂ ਅਨੁਸਾਰ ਪ੍ਰਿੰਸੀਪਲ ਆਸ਼ਾ ਰਾਣੀ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿਖੇ "ਅੰਰਰਾਸ਼ਟਰੀ ਯੂਥ ਦਿਵਸ" ਸਿਰਲੇਖ ਹੇਠ ਦਿਵਸ ਮਨਾਇਆ ਗਿਆ। ਮੈਡਮ ਦਵਿੰਦਰ ਕੌਰ ਦੀ ਦੇਖ-ਰੇਖ ਅਧੀਨ ਐਨ.ਐਸ.ਐਸ. ਵਲੰਟੀਅਰ ਵਿਦਿਆਰਥੀਆਂ ਵਿਚਕਾਰ ਲੇਖ ਅਤੇ ਪੇਟਿੰਗ ਮੁਕਾਬਲੇ ਕਰਵਾਏ ਗਏ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਨੇ ਕਿਹਾ ਕਿ ਅੰਤਰਰਾਸ਼ਟਰੀ ਯੁਵਾ ਦਿਵਸ ਹਰ ਸਾਲ 12 ਅਗਸਤ ਨੂੰ ਦੁਨੀਆ ਭਰ ਦੇ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਮੌਕਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਹੈ। ਇਹ ਨੌਜਵਾਨਾਂ ਦੀ ਸਮਾਜਿਕ ਕੰਮਾਂ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ, ਵਿਕਾਸ ਅਤੇ ਸ਼ਾਂਤੀ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਜਸ਼ਨ ਮਨਾਉਣ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸ ਸਾਲ ਦਾ ਥੀਮ ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ ਨੌਜਵਾਨ ਸਿਰਫ਼ ਵਿਕਾਸ ਦੇ ਕੰਮਾਂ ਵਿੱਚ ਲਾਭਪਾਤਰੀ ਨਹੀਂ ਹਨ, ਸਗੋਂ ਤਬਦੀਲੀ, ਨਵੀਨਤਾ ਅਤੇ ਲੀਡਰਸ਼ਿਪ ਦੇ ਸਰਗਰਮ ਮੈਂਬਰ ਵੀ




ਹਨ। ਇਹ ਸਥਾਨਕ ਸ਼ਾਸਨ ਪ੍ਰਕਿਰਿਆਵਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਦੀ ਜ਼ਰੂਰਤ ਨੂੰ ਸਵੀਕਾਰ ਕਰਦਾ ਹੈ, ਕਿਉਂਕਿ ਉਨ੍ਹਾਂ ਦੀ ਸਿਰ-ਜਣਾਤਮਕਤਾ, ਊਰਜਾ ਅਤੇ ਭਾਈਚਾਰਕ ਗਿਆਨ ਸਾਡੇ ਸਮੇਂ ਦੀਆਂ ਗੁੰਝਲਦਾਰ ਅਤੇ ਆਪਸ ਵਿੱਚ ਜੁੜੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਜ਼ਰੂਰੀ ਹੈ। ਜਿਵੇਂ ਕਿ ਅਸੀਂ 2030 ਦੇ ਨੇੜੇ ਪਹੁੰਚ ਰਹੇ ਹਾਂ, ਯੂਥ ਵਾਸਤੇ ਨਿਰਧਾਰਤ ਟਿਕਾਊ ਵਿਕਾਸ ਟੀਚੇ ਜਿਹਨਾਂ ਵਿੱਚ ਜ਼ੀਰੋ ਹੰਗਰ, ਗੁਣਵੱਤਾ ਵਾਲੀ ਸਿੱਖਿਆ, ਲਿੰਗ ਸਮਾਨਤਾ, ਵਧੀਆ ਕੰਮ ਅਤੇ ਆਰਥਿਕ ਵਿਕਾਸ, ਘਟੀ ਹੋਈ ਅਸਮਾਨਤਾਵਾਂ, ਅਤੇ ਹਰੇ ਭਰੇ ਜਲਵਾਯੂ ਨੂੰ ਪ੍ਰਾਪਤ ਕਰਨ ਲਈ ਸਥਾਨਕ ਕਾਰਵਾਈ ਦੀ ਮਹੱਤਤਾ ਨੂੰ ਕੇਵਲ ਵਧਾ-ਚੜ੍ਹਾ ਕੇ ਹੀ ਨਹੀਂ ਦੱਸਿਆ ਜਾ ਸਕਦਾ ਸਗੋਂ ਨੌਜਵਾਨ ਇਸ ਤਬਦੀਲੀ ਨੂੰ ਅੱਗੇ ਵਧਾਉਣ ਲਈ ਵਿਲੱਖਣ ਤੌਰ 'ਤੇ ਸਥਿਤੀ ਵਿੱਚ ਹਨ, ਸਥਾਨਕ ਅਤੇ ਵਿਸ਼ਵਵਿਆਪੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਨ ਵਿਚਾਰ, ਹੱਲ ਅਤੇ ਊਰਜਾ ਪੇਸ਼ ਕਰਦੇ ਹਨ। ਇਹ ਸਾਲ ਨੌਜਵਾਨਾਂ ਦੇ ਯਤਨਾਂ ਦਾ ਜਸ਼ਨ ਮਨਾਏਗਾ ਅਤੇ ਉੱਚਾ ਚੁੱਕੇਗਾ, ਇਹ ਯਕੀਨੀ ਬਣਾਏਗਾ ਕਿ ਨੌਜਵਾਨਾਂ ਦੀਆਂ ਆਵਾਜ਼ਾਂ ਸੁਣੀਆਂ ਜਾਣ ਅਤੇ ਉਨ੍ਹਾਂ ਦੇ ਯੋਗਦਾਨਾਂ ਨੂੰ ਸਮਰਥਨ ਦਿੱਤਾ ਜਾਵੇ। ਇਹ ਸਾਲ ਸਿਰਫ਼ ਨੌਜਵਾਨਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਹੀ ਨਹੀਂ ਹੈ ਸਗੋਂ ਇਹ ਸਮਾਜ ਦੇ ਸਾਰੇ ਖੇਤਰਾਂ ਲਈ ਕਾਰਵਾਈ ਕਰਨ ਦਾ ਸੱਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨੌਜਵਾਨ ਵਿਕਾਸ ਏਜੰਡੇ ਦੇ ਕੇਂਦਰ ਵਿੱਚ ਹਨ। ਨੌਜਵਾਨਾਂ ਲਈ ਗਰੀਬੀ ਤੋਂ ਬਾਹਰ ਨਿਕਲ ਕੇ ਚੰਗੇ ਅਤੇ ਟਿਕਾਊ ਕੰਮ ਵੱਲ ਜਾਣ ਦੇ ਮੌਕੇ ਪੈਦਾ ਕਰਨ ਨਾਲ ਇਸ ਖੇਤਰ ਦੀ ਨੌਜਵਾਨ ਆਬਾਦੀ ਦੁਆਰਾ ਪੈਦਾ ਕੀਤੇ ਗਏ ਜਨਸੰਖਿਆ ਲਾਭਅੰਸ਼ ਦਾ ਲਾਭ ਉਠਾਉਣ ਵਿੱਚ ਮਦਦ ਮਿਲੇਗੀ। ਇਸ ਸਮੇਂ ਸਮਾਗਮ ਵਿੱਚ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ , ਰਣਜੀਤ ਕੌਰ ,ਦਵਿੰਦਰ ਕੌਰ, ਬਲਦੇਵ ਸਿੰਘ , ਅਨੀਤਾ ਸ਼ਰਮਾਂ , ਰੁਪਿੰਦਰ ਕੌਰ , ਦੀਦਾਰ ਸਿੰਘ, ਮੰਜੂ ਕੁਮਾਰੀ ,ਹਰਵਿੰਦਰ ਸਿੰਘ ਸੋਨੀਆਂ , ਨਵਨੀਤ ਕੌਰ, ਪਰਮਿੰਦਰ ਕੌਰ , ਜਸਪ੍ਰੀਤ ਕੌਰ , ਪਲਵਿੰਦਰ ਕੌਰ , ਅਮਨਦੀਪ ਕੌਰ , ਅਮਰਜੀਤ ਕੌਰ , ਰਾਜਵਿੰਦਰ ਕੌਰ , ਰਜਿੰਦਰ ਕੌਰ ਅਤੇ ਸਤਪਾਲ ਸਮੇਤ ਸਮੂਹ ਵਿਦਿਆਰਥੀ ਮੌਜੂਦ ਸਨ।

# ਵੱਧਦੇ ਜਨਤਕ ਦਬਾਅ ਨੇ ਮਾਨ ਕੇਜਰੀਵਾਲ ਟੋਲੇ ਦੀ ਜ਼ਮੀਨ ਹੜੱਪੂ ਸਕੀਮ ਨੂੰ ਕੀਤਾ ਠੁਸ : ਲਿਬਰੇਸ਼ਨ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਮਾਨ ਸਰਕਾਰ ਵਲੋਂ ਅਪਣੇ ਬਾਸ ਕੇਜਰੀਵਾਲ ਦੀਆਂ ਹਿਦਾਇਤਾਂ 'ਤੇ ਲਿਆਂਦੀ ਪੰਜਾਬ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਨੂੰ ਹੜੱਪਣ ਲਈ ਲਿਆਂਦੀ ਬਹੁ ਪ੍ਰਚਾਰਤ ਲੈਂਡ ਪੂਲਿੰਗ ਸਕੀਮ ਨੂੰ ਕਿਸਾਨਾਂ ਮਜ਼ਦੂਰਾਂ ਦੇ ਵੱਧਦੇ ਦਬਾਅ ਹੇਠ ਵਾਪਸ ਲੈਣ ਦੇ ਐਲਾਨ ਉਤੇ ਟਿਪਣੀ ਕਰਦਿਆਂ ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਇਸ ਨੂੰ ਲੋਕ ਸੰਘਰਸ਼ ਅਤੇ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ ਹੈ।

ਪਾਰਟੀ ਦੇ ਬੁਲਾਰੇ ਕਾਮ-ਰੇਡ ਸੁਖਦਰਸ਼ਨ ਸਿੰਘ ਨੱਤ ਦਾ ਕਹਿਣਾ ਹੈ ਕਿ 2022 ਦੀਆਂ ਚੋਣਾਂ ਵਿੱਚ ਪੰਜਾਬੀਆਂ ਤੋਂ ਵੋਟਾਂ ਦੀ ਭੀਖ ਮੰਗਣ ਲਈ ਲੇਲੜੀਆਂ ਕੱਢਣ ਅਤੇ ਪਿਛਲੀਆਂ ਸਰਕਾਰਾਂ ਦੀਆਂ ਮਨਮਾਨੀਆਂ ਦਾ ਜੰਮ ਕੇ ਮਾਖੌਲ ਉਡਾਉਣ ਵਾਲੇ ਭਗਵੰਤ ਮਾਨ

**● ਲੈਂਡ ਪੂਲਿੰਗ ਸਕੀਮ ਦਾ ਰੱਦ ਹੋਣਾ**
**● ਲੋਕ ਸੰਘਰਸ਼ ਅਤੇ ਲੋਕਤੰਤਰ ਦੀ ਜਿੱਤ**

ਨੇ, ਪੰਜਾਬੀਆਂ ਵਲੋਂ ਦਿੱਤੇ ਲਾਮਿਸਾਲ ਸਮਰਥਨ ਸਦਕਾ ਮੁੱਖ ਮੰਤਰੀ ਦੀ ਕੁਰਸੀ ਉੱਤੇ ਪਹੁੰਚਣ ਤੋਂ ਬਾਅਦ ਉਹ ਕੰਨ ਬੰਦ ਕਰ ਲਿਆ, ਜੋ ਜਨਤਾ ਵੱਲ ਸੀ। ਦੂਜੇ ਕੰਨ ਨਾਲ ਉਹ ਸਿਰਫ਼ ਕੇਜਰੀਵਾਲ ਤੇ ਅੰਬਰ ਵੇਲ ਵਾਂਗ ਪੰਜਾਬ ਦੇ ਪ੍ਰਸ਼ਾਸਨ ਉਤੇ ਜਫਾ ਮਾਰਨ ਵਾਲੀ ਉਸ ਦੀ ਦਿੱਲੀ ਟੀਮ ਦੇ ਹੁਕਮਾਂ ਨੂੰ ਸੁਣਨ ਅਤੇ ਲਾਗੂ ਕਰਨ ਲੱਗੇ। ਪਰ ਪੰਜਾਬ ਦੇ ਜੁਝਾਰੂ ਕਿਸਾਨਾਂ ਮਜ਼ਦੂਰਾਂ ਨੇ ਇਸ ਚੁਣੌਤੀ ਨੂੰ ਕਬੂਲ ਕਰਦਿਆਂ ਸੂਬੇ ਦੀਆਂ ਜ਼ਮੀਨਾਂ ਨੂੰ ਬਚਾਉਣ ਲਈ ਵੱਡੇ ਰਣ ਦਾ ਵਿਗਲ ਵਜਾ ਕੇ ਸਾਬਤ ਕਰ ਦਿੱਤਾ ਨਾਦਰਾਂ, ਅਬਦਾਲੀਆਂ, ਬਰਤਾਨਵੀ ਸਾਮਰਾਜ ਅਤੇ ਮੋਦੀ ਸ਼ਾਹ ਵਰਗੇ ਜਾਬਰਾਂ ਤੇ ਹੰਕਾਰੀਆਂ ਦਾ ਮੂੰਹ ਮੋੜਨ ਵਾਲੀ ਉਨ੍ਹਾਂ ਦੀ ਵਿਰਾਸਤੀ ਬਹਾਦਰੀ ਹਾਲੇ ਵੀ ਜਿਉਂਦੀ ਜਾਗਦੀ ਹੈ।

ਅਖੌਤੀ ਵਿਕਾਸ ਸਕੀਮਾਂ ਦੀ ਆੜ ਵਿੱਚ ਕੇਂਦਰੀ ਤੇ ਸੂਬਾ ਸਰਕਾਰ ਦੀਆਂ ਕਾਰਪੋਰੇਟ ਪ੍ਰਸਤ ਅਤੇ ਲੋਕ ਉਜਾੜੂ ਨੀਤੀਆਂ ਨੂੰ ਰੱਦ ਕਰਾਉਣ ਲਈ ਜਾਰੀ ਫੈਸਲਾਕੁੰਨ ਲੜਾਈ ਵਿੱਚ ਸੀਪੀਆਈ (ਐਮ ਐਲ) ਲਿਬਰੇਸ਼ਨ ਪੂਰੀ ਤਰ੍ਹਾਂ ਅਪਣੇ ਲੋਕਾਂ ਦੇ ਨਾਲ ਹੈ ਅਤੇ ਇਸ ਦੇ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੈ।

# ਸੀ.ਟੀ. ਯੂਨੀਵਰਸਿਟੀ ਨੇ 3500+ ਨਵੇਂ ਵਿਦਿਆਰਥੀਆਂ ਦਾ ਭਵਿੱਖ-ਸਵਾਗਤ 4 ਦਿਨਾਂ ਦੇ ਸ਼ਾਨਦਾਰ ਓਰੀਐਂਟੇਸ਼ਨ ਪ੍ਰੋਗਰਾਮ ਨਾਲ ਕੀਤਾ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ ਦਾ ਸਾਲਾਨਾ ਓਰੀਐਂਟੇਸ਼ਨ ਪ੍ਰੋਗਰਾਮ "ਨਿਰਮਾਣ - ਇੱਕ ਨਵੀਂ ਸ਼ੁਰੂਆਤ, ਇੱਕ ਨਵਾਂ ਇਰਾਦਾ" 4 ਦਿਨਾਂ ਤੱਕ ਬਹੁਤ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਗਿਆ, ਜਿਸ ਵਿੱਚ 3500 ਤੋਂ ਵੱਧ ਨਵੇਂ ਵਿਦਿਆਰਥੀਆਂ ਦਾ ਯੂਨੀਵਰਸਿਟੀ ਪਰਿਵਾਰ ਵਿੱਚ ਸਵਾਗਤ ਕੀਤਾ ਗਿਆ। ਇਸ ਸਾਲ ਦੇ ਨਵੇਂ ਬੈਚ ਵਿੱਚ ਹੋਟਲ ਮੈਨੇਜਮੈਂਟ, ਲਾਅ, ਫਾਰਮੇਸੀ ਅਤੇ ਇੰਜੀਨੀਅਰਿੰਗ ਵਰਗੇ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀ ਸ਼ਾਮਲ ਹੋਏ, ਜੋ ਆਪਣੀ-ਆਪਣੀ ਹੁਨਰ ਤੇ ਸੁਪਨੇ ਲੈ ਕੇ ਆਏ ਹਨ। ਇਸ ਪ੍ਰੋਗਰਾਮ ਦਾ ਮਕਸਦ ਨਵੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਸੋਚ, ਮੌਕਿਆਂ ਅਤੇ ਰੰਗੀਂ ਕੈਂਪਸ ਜ਼ਿੰਦਗੀ ਨਾਲ ਜਾਣੂ ਕਰਵਾਉਣਾ ਸੀ। ਉਦਘਾਟਨ ਸਮਾਰੋਹ ਵਿੱਚ ਚਾਂਸਲਰ ਸ੍ਰ: ਚਰਨਜੀਤ ਸਿੰਘ ਚੰਨੀ, ਪ੍ਰੋ-ਚਾਂਸਲਰ ਡਾ: ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਾਈਸ ਚਾਂਸਲਰ ਡਾ: ਨਿਤਿਨ ਟੰਡਨ, ਪ੍ਰੋ: ਵਾਈਸ ਚਾਂਸਲਰ ਡਾ: ਸਿਮਰਨ ਗਿੱਲ ਅਤੇ ਡਾ: ਅਵਿਨਾਸ਼ ਸ਼ਰਮਾ, ਰਜਿਸਟਰਾਰ ਸ੍ਰ ਖੰਡੂਰੀ ਅਤੇ ਡੀਐਸਡਬਲਯੂ ਡਾਇਰੈਕਟਰ ਇਰ. ਦਵਿੰਦਰ ਸਿੰਘ ਮੌਜੂਦ ਰਹੇ ਅਤੇ ਵਿਦਿਆਰਥੀਆਂ ਨਾਲ ਪ੍ਰੇਰਕ ਵਿਚਾਰ ਸਾਂਝੇ ਕੀਤੇ। ਓਰੀਐਂਟੇਸ਼ਨ ਵਿੱਚ ਸੱਭਿਆਚਾਰਕ ਰੰਗ ਤੇ ਜਾਣਕਾਰੀ ਭਰੇ ਸੈਸ਼ਨ ਦਾ ਸੁੰਦਰ ਮਿਲਾਪ ਵੇਖਣ ਨੂੰ ਮਿਲਿਆ—ਜਿਸ ਵਿੱਚ ਸ਼ਾਨਦਾਰ ਡਾਂਸ ਪ੍ਰਸਤੁਤੀਆਂ, ਫੈਸ਼ਨ ਵਾਕ, ਭੰਗੜਾ, ਐਂਟੀ-ਰੈਗਿੰਗ ਜਾਗਰੂਕਤਾ ਨਾਟਕ, ਮਨੋਰੰਜਕ ਗਤੀਵਿਧੀਆਂ ਅਤੇ ਬੱਚਿਆਂ ਦੇ ਮਨਪਸੰਦ ਕਾਰਟੂਨ






ਕਿਰਦਾਰ ਮੋਟੂ-ਪਤਲੂ ਦੀ ਸਰਪ੍ਰਾਈਜ਼ ਐਂਟਰੀ ਵੀ ਸ਼ਾਮਲ ਸੀ, ਜਿਸ ਨਾਲ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਮੁਸਕਾਨ ਖਿੜ ਗਈ। ਚਾਂਸਲਰ ਸ੍ਰ: ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ— "ਯੂਨੀਵਰਸਿਟੀ ਦੀ ਜ਼ਿੰਦਗੀ ਤੁਹਾਡੇ ਜੀਵਨ ਦਾ ਸੋਨੇ ਵਰਗਾ ਅਧਿਆਇ ਹੈ—ਸਿੱਖੋ, ਨਵੀਂ ਸੋਚ ਲਿਆਓ ਤੇ ਹਰ ਮੌਕੇ ਦਾ ਲਾਭ ਲਵੋ।" ਉਹਨਾਂ ਨੇ ਆਤਮ-ਅਨੁਸ਼ਾਸਨ, ਜਿਗਿਆਸਾ ਅਤੇ ਮੇਹਨਤ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਪ੍ਰੋ ਚਾਂਸਲਰ ਡਾ: ਮਨਬੀਰ ਸਿੰਘ ਨੇ ਕਿਹਾ— "ਸੀ.ਟੀ. ਯੂਨੀਵਰਸਿਟੀ ਸਿਰਫ਼ ਇੱਕ ਸੰਸਥਾ ਨਹੀਂ, ਇਹ ਤੁਹਾਡੇ ਸੁਪਨਿਆਂ ਲਈ ਲਾਂਚਪੈਡ ਹੈ। ਅਸੀਂ ਇੱਥੇ ਤੁਹਾਡੀ ਯੋਗਤਾ ਨੂੰ ਨਿਖਾਰਨ ਅਤੇ ਤੁਹਾਨੂੰ ਗਲੋਬਲ ਸਫਲਤਾ ਵੱਲ ਲੈ ਜਾਣ ਲਈ ਹਾਂ।" ਇਹ ਚਾਰ ਦਿਨਾਂ ਦਾ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਨਵਾਂ ਜੋਸ਼ ਅਤੇ ਆਤਮ-ਵਿਸ਼ਵਾਸ ਭਰ ਗਿਆ। ਅਕਾਦਮਿਕ ਜਾਣਕਾਰੀ, ਸੱਭਿਆਚਾਰਕ ਪ੍ਰੋਗਰਾਮ ਅਤੇ ਨੇਤ੍ਰਿਤਵ ਨਾਲ ਮੁਲਾਕਾਤਾਂ ਨੇ ਨਿਰਮਾਣ 2025 ਨੂੰ ਨਵੇਂ ਸੈਸ਼ਨ ਦੀ ਸ਼ਾਨਦਾਰ ਸ਼ੁਰੂਆਤ ਬਣਾ ਦਿੱਤਾ।

# ਮੀਡੀਆ ਕੌਂਸਲ ਆਫ ਜਰਨਲਿਸਟਸ ਦੀ ਕੌਮੀ ਕਾਰਜਕਾਰਣੀ ਦੀ ਮੀਟਿੰਗ ਪੰਚਕੂਲਾ ਵਿੱਚ ਹੋਈ

**● ਆਰ. ਜੀ. ਰਾਏਕੋਟੀ ਨੂੰ ਪੰਜਾਬ ਦਾ ਸਰਬਸਮਤੀ ਨਾਲ ਕੁਆਰਡੀਨੇਟਰ ਕੀਤਾ ਨਿਯੁਕਤ, ● ਰਸ਼ਮੀ ਬਾਲਿਆਣ ਨੂੰ ਕੌਮੀ ਮਹਿਲਾ ਕੁਆਰਡੀਨੇਟਰ, ਨਿਯੁਕਤ, ਕੀਤਾ ● ਪੱਤਰਕਾਰ ਲੋਕਤੰਤਰ ਦੇ ਮਜ਼ਬੂਤ ਪਹਿਰੇਦਾਰ : ਵੀਰਿੰਦਰ ਬੜਖਾਲਸਾ ● ਜ਼ਮੀਨੀ ਪੱਤਰਕਾਰਾਂ ਨੂੰ ਵੀ ਮਿਲਣ ਸਰਕਾਰੀ ਸਹੂਲਤਾਂ : ਸੰਜੇ ਰਾਠੀਓ**





**ਪੰਚਕੂਲਾ ( ਗੁਰਭਿੰਦਰ ਗੁਰੀ)** ਮੀਡੀਆ ਕੌਂਸਲ ਆਫ ਜਰਨਲਿ-ਸਟਸ ਦੀ ਰਾਸ਼ਟਰੀ ਕਾਰਜਕਾਰਣੀ ਦੀ ਮੀਟਿੰਗ ਪੀਡਬਲਯੂਡੀ ਗੈਸਟ ਹਾਊਸ, ਪੰਚਕੂਲਾ ਵਿੱਚ ਕੌਮੀ ਪ੍ਰਧਾਨ ਸੰਜੇ ਰਾਠੀ ਦੀ ਪ੍ਰਧਾਨਗੀ ਹੇਠ ਹੋਈ, ਰਾਜ ਜਿਸ ਵਿੱਚ ਅੱਠ ਰਾਜਾਂ ਦੇ ਪੱਤਰਕਾਰਾਂ ਨੇ ਹਿੱਸਾ ਲਿਆ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਓਐਸਡੀ ਵੀਰਿੰਦਰ ਕੁਮਾਰ ਬੜਖਾਲਸਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਓਐਸਡੀ ਵਰਿੰਦਰ ਕੁਮਾਰ ਬੜਖਾਲਸਾ ਨੇ ਕਿਹਾ ਕਿ ਪੱਤਰਕਾਰ ਸਮਾਜ ਦੇ ਮਜ਼ਬੂਤ ਪਹਿਰੇਦਾਰ ਹੁੰਦੇ ਹਨ ਅਤੇ ਉਨ੍ਹਾਂ ਦੀ ਭੂਮਿਕਾ ਲੋਕਤੰਤਰ ਦੀ ਮਜ਼ਬੂਤੀ ਵਿੱਚ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਸੱਚੇ ਪੱਤਰਕਾਰਾਂ ਦੀ ਕਲਮ ਬੋਲਦੀ ਹੈ। ਪੱਤਰਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਹਨ। ਉਹਨਾਂ ਨੂੰ ਸੱਚਾਈ ਉਜਾਗਰ ਕਰਨੀ ਚਾਹੀਦੀ ਹੈ ਤਾਂ ਜੋ ਉਹਨਾਂ ਦੀ ਭਰੋਸੇਯੋਗਤਾ ਬਣੀ ਰਹੇ।

ਇਸ ਮੌਕੇ ਕੌਮੀ ਪ੍ਰਧਾਨ ਸੰਜੇ ਰਾਠੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਮੀਡੀਆ ਕੌਂਸਲ ਆਫ ਜਰਨਲਿਸਟਸ ਦਾ ਉਦੇਸ਼ ਪੱਤਰਕਾਰਾਂ ਨੂੰ ਇਕੱਠਾ ਕਰਨਾ ਅਤੇ ਉਨ੍ਹਾਂ ਦੀ ਸੁਰੱਖਿਆ, ਸਨਮਾਨ ਅਤੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਸਿਰਫ਼ ਪੱਤਰਕਾਰਾਂ ਦੇ ਹੱਕਾਂ ਲਈ ਨਹੀਂ ਲੜੇਗੀ, ਸਗੋਂ ਜਨਹਿਤ ਨਾਲ ਜੁੜੇ ਮਸਲਿਆਂ ‘ਤੇ ਵੀ ਸਰਗਰਮ ਰਹੇਗੀ। ਉਨ੍ਹਾਂ ਕਾਰਜਕਾਰਣੀ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਹੋ ਕੇ ਕੌਂਸਲ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ।

ਰਾਸ਼ਟਰੀ ਕੁਆਰਡੀਨੇਟਰ ਲਲਿਤ ਸ਼ਰਮਾ ਨੇ ਕਿਹਾ ਕਿ ਮੀਡੀਆ ਨੂੰ ਲੋਕਾਂ ਦੇ ਮਸਲਿਆਂ ‘ਤੇ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੇ ਤਜ਼ਰਬੇ ਵੀ ਸਾਂਝੇ ਕੀਤੇ। ਕੌਮੀ ਬੁਲਾਰੇ ਅਤੇ ਮੀਡੀਆ ਇੰਚਾਰਜ ਮਨੋਜ ਗੋਇਲ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਮੀਡੀਆ ਜੱਥੇਬੰਦੀਆਂ ਦੀ ਮਹੱਤਤਾ ਹੋਰ ਵੱਧ ਗਈ ਹੈ। ਸਾਨੂੰ ਮਿਲਜੁਲ ਕੇ ਮੀਡੀਆ ਜੱਥੇਬੰਦੀਆ ਦੀ ਭੂਮਿਕਾ ਮਜ਼ਬੂਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪੱਧਰ ‘ਤੇ ਪੱਤਰਕਾਰਾਂ ਦਾ ਮਜ਼ਬੂਤ ਨੈੱਟਵਰਕ ਤਿਆਰ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਦੀ ਟ੍ਰੇਨਿੰਗ ਅਤੇ ਭਲਾਈ ਲਈ ਖਾਸ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ।

ਇਸ ਤੋਂ ਪਹਿਲਾਂ ਮੁੱਖ ਮਹਿਮਾਨ ਵਰਿੰਦਰ ਬੜਖਾਲਸਾ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਕੌਮੀ ਬੁਲਾਰੇ ਮਨੋਜ ਗੋਇਲ ਗੁੜਿਆਣੀਆ ਨੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।

ਕਾਰਜਕਾਰਣੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਇਹ ਨਿਯੁਕਤੀਆਂ ਕੀਤੀਆਂ ਗਈਆਂ: ਨੀਰਜ ਗੁਪਤਾ — ਕੌਮੀ ਜਨਰਲ ਸਕੱਤਰ, ਅਜੇਸ਼ ਕੁਮਾਰ — ਦਿੱਲੀ ਦਾ ਕੁਆਰਡੀਨੇਟਰ, ਆਰ. ਜੀ. ਰਾਏਕੋਟੀ ਨੂੰ ਪੰਜਾਬ ਦਾ ਕੁਆਰਡੀਨੇਟਰ, ਮਫ਼ਤਲਾਲ ਅਗਰਵਾਲ — ਉੱਤਰ ਪ੍ਰਦੇਸ਼ ਕੁਆਰਡੀਨੇਟਰ, ਕਾਸਿਮ ਖਾਨ — ਹਰਿਆਣਾ ਸੂਬਾ ਪ੍ਰਧਾਨ, ਰਸ਼ਮੀ ਬਾਲਿਆਣ — ਕੌਮੀ ਮਹਿਲਾ ਕੁਆਰਡੀਨੇਟਰ, ਰਾਜੇਸ਼ ਰਾਠੌਰ — ਹਿਮਾਚਲ ਪ੍ਰਦੇਸ਼ ਸਹਾਇਕ-ਕੁਆਰਡੀਨੇਟਰ ਪ੍ਰੀਤੀ ਕੁਮਾਰੀ ਯਮੁਨਾਨਗਰ — ਮਹਿਲਾ ਸਹਾਇਕ-ਕੁਆਰਡੀਨੇਟਰ ਹਰਿਆਣਾ, ਕੌਮੀ ਜਨਰਲ ਸਕੱਤਰ ਨੀਰਜ ਗੁਪਤਾ ਨੇ ਮੀਟਿੰਗ ਦੀ ਸਫਲਤਾ ਲਈ ਹਰਿਆਣਾ ਟੀਮ ਨੂੰ ਵਧਾਈ ਦਿੱਤੀ। ਰਾਸ਼ਟਰੀ ਕਾਰਜਕਾਰਣੀ ਮੀਟਿੰਗ ਵਿੱਚ ਸੀਨੀਅਰ ਪੱਤਰਕਾਰ ਧਰਮਪਾਲ ਧਨਖੜ, ਯੂਏਈ ਤੋਂ ਨੇਪਾਲ ਸਿੰਘ ਸ਼ਹਰਾਵਤ, ਪੰਜਾਬ ਤੋਂ ਰਘਬੀਰ ਸਿੰਘ ਜੱਗਾ, ਗੁਰਭਿੰਦਰ ਸਿੰਘ ਗੁਰੀ, ਹਿਮਾਚਲ ਤੋਂ ਸ਼ਾਂਤੀ ਗੌਤਮ, ਦਿੱਲੀ ਤੋਂ ਵੀਰਿੰਦਰ ਸੈਣੀ, ਉੱਤਰ ਪ੍ਰਦੇਸ਼ ਤੋਂ ਸੁਰੇਸ਼ ਉਪਮਨਯੁ, ਪੰਚਕੂਲਾ ਤੋਂ ਅਨਿਲ ਆਰਯ, ਚੰਡੀਗੜ੍ਹ ਤੋਂ ਵਿਜੇਸ਼ ਕੁਮਾਰ, ਰਾਜਸਥਾਨ ਤੋਂ ਘਨਸ਼ਿਆਮ ਐਸ ਬਾਘੀ, ਯੋਗੇਸ਼ ਜੋਸ਼ੀ, ਸ਼ਿਵਕੁਮਾਰ ਸ਼ਰਮਾ, ਯਮੁਨਾਨਗਰ ਤੋਂ ਰਾਕੇਸ਼ ਭਾਰਤੀ, ਨਵਾਬ ਖਾਨ, ਰਾਮਕਿਸ਼ਨ, ਸੁਨੀਲ ਸ਼ਰਮਾ, ਰਾਜੇਸ਼, ਰਵਿੰਦਰ ਚੌਹਾਨ, ਕਰਣਾਲ ਤੋਂ ਰਾਜੇਸ਼ ਭਾਰਤੀ, ਰਾਜੀਵ ਠਾਕੁਰ, ਗੁਰਗਾਂਵ ਤੋਂ ਸੋਮਵੀਰ ਸਿੰਘ ਸਮੇਤ ਹੋਰ ਕਈ ਰਾਜਾਂ ਦੇ ਪੱਤਰਕਾਰਾਂ ਨੇ ਭਾਗ ਲਿਆ।

# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਅੰਤਰਰਾਸ਼ਟਰੀ ਯੂਥ ਦਿਵਸ ਮਨਾਇਆ



ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅਪਰਾ ਵਿਖੇ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਯੂਥ ਦਿਵਸ ਮਨਾਇਆ ਗਿਆ। ਅੱਜ ਦੇ ਸਮਾਗਮ ਵਿੱਚ ਸ੍ਰੀ ਗੁਰਨੇਕ ਲਾਲ ਹੈਲਥ ਸੁਪਰਵਾਈਜ਼ਰ ਸੀਐਚਸੀ ਅਪਰਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਉਹਨਾਂ ਨੇ ਬੱਚਿਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਬਾਰੇ ਜਾਣੂ ਕਰਵਾਇਆ ਅਤੇ ਭਵਿੱਖ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਸਮਾਗਮ ਵਿੱਚ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਸਬੰਧੀ ਸੌਂਹ ਵੀ ਚੁਕਾਈ ਗਈ! ਇਸ ਉਪਰੰਤ ਬੱਚਿਆਂ ਨੇ "ਨਸ਼ਿਆਂ ਨੂੰ ਕਰੋ ਨਾਂਹ" ਵਿਸ਼ੇ ਤੇ ਵੱਖ ਵੱਖ ਚਾਰਟ ਬਣਾਏ! ਸਕੂਲ ਮੁਖੀ ਜਸਪਾਲ ਸੰਧੂ ਨੇ ਵਿਭਾਗ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਆਸ ਕੀਤੀ ਕਿ ਭਵਿੱਖ ਵਿੱਚ ਇਹੋ ਜਿਹੇ ਪ੍ਰੋਗਰਾਮ ਬੱਚਿਆਂ ਦਾ ਮਾਰਗ ਦਰਸ਼ਨ ਕਰਨਗੇ ਅੱਜ ਦੇ ਸਮਾਗਮ ਵਿੱਚ ਜਸਪਾਲ ਸੰਧੂ ਸਕੂਲ ਮੁਖੀ, ਗੁਰਨੇਕ ਲਾਲ ਹੈਲਥ ਸੁਪਰਵਿਜੇਰ,ਸ ਮਨਦੀਪ ਸਿੰਘ ਮਾਨ,ਸ਼ਰਨਜੀਤ ਸਿੰਘ,ਹਰਜੀਤ ਸਿੰਘ,ਨੀਰੂ ਬਾਲਾ, ਨੈਨਸੀ ਰਾਣੀ, ਬਲਜੀਤ ਕੌਰ,ਪ੍ਰੋਮਿਲਾ ਦੇਵੀ ਅਤੇ ਗੁਰਨਾਮ ਸਿੰਘ ਆਦਿ ਹਾਜ਼ਰ ਸਨ।

# ਖ਼ੂਨੀ ਕੱਟ ਦੇ ਖਿਲਾਫ ਜਲਦ ਕਰਾਂਗੇ ਵੱਡਾ ਸੰਘਰਸ਼ - ਲੋਕ ਇਨਸਾਫ ਮੰਚ



**ਫਿਲੌਰ/ਅੱਪਰਾ (ਦੀਪਾ)**–ਵੇਰਕਾ ਪਲਾਟ ਦੇ ਬਿਲਕੁਲ ਕੋਲ ਜੋ ਖੂਨੀ ਕੱਟ ਜੋ ਕਿ ਬੜੀ ਦੇਰ ਤੋ ਲੋਕਾਂ ਦੀਆਂ ਜਾਨਾ ਲੈ ਰਿਹਾ ਹੈ ਅਤੇ ਬਹੁਤ ਲੋਕ ਜਖਮੀ ਵੀ ਹੋਏ ਹਨ । ਵਾਰ ਵਾਰ ਪ੍ਰਸ਼ਾਸ਼ਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀ ਉਸ ਦਾ ਕੋਈ ਪੱਕਾ ਹੱਲ ਨਹੀ ਹੋ ਪਾਇਆ ਲੋਕ ਲਗਾਤਾਰ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ ਅੱਜ ਲੋਕ ਇਨਸਾਫ ਮੰਚ ਦੇ ਸਕੱਤਰੇਤ ਆਗੂ ਅਮਰਜੀਤ ਲਾਡੀ ਮਹਿਸਮਪੁਰ ਵੀ ਉਸ ਖੂਨੀ ਕੱਟ ਤੇ ਹਾਦਸੇ ਦਾ ਸ਼ਿਕਾਰ ਹੋ ਗਏ ਹਨ ਹਾਦਸੇ ਦੌਰਾਨ ਉਹਨਾ ਨੂੰ ਗੰਭੀਰ ਸੱਟ ਲੱਗੀ ਹੈ । ਸੋ ਅਸੀ ਲੋਕ ਇਨਸਾਫ ਮੰਚ ਵਲੋਂ ਜਲਦ ਤੋ ਜਲਦ ਉਸ ਖੂਨੀ ਕੱਟ ਦਾ ਕੋਈ ਢੁਕਵਾਂ ਹੱਲ ਕੱਢਣ ਲਈ ਪ੍ਰਸ਼ਾਸ਼ਨ ਨੂੰ ਬੇਨਤੀ ਕਰਦੇ ਹਾਂ ਤਾਂ ਜੋ ਆਮ ਲੋਕਾਂ ਦੀਆਂ ਕੀਮਤੀ ਜਾਨਾਂ ਬਚ ਸਕਣ । ਇਸ ਮੌਕੇ ਲੋਕ ਇਨਸਾਫ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਅਤੇ ਸਕੱਤਰ ਪਰਸ਼ੋਤਮ ਫਿਲੌਰ ਨੇ ਪ੍ਰੈਸ ਬਿਆਨ ਦਿੰਦਿਆ ਕਿਹਾ ਕਿ ਇਥੋ ਦੀਆਂ ਸਰਕਾਰਾਂ ਅਤੇ ਪ੍ਰਸ਼ਾਸ਼ਨ ਲਈ ਆਮ ਲੋਕਾਂ ਦੀਆਂ ਜਾਨਾ ਦੀਆਂ ਕੋਈ ਕੀਮਤ ਨਹੀ ਹੈ ਇਹ ਖੂਨੀ ਕੱਟ ਪਹਿਲਾਂ ਵੀ ਬਹੁਤ ਜਾਨਾ ਲੈ ਚੁੱਕਾ ਹੈ ਅਤੇ ਕਿੰਨੇ ਹੀ ਲੋਕ ਜਖਮੀ ਹੋ ਚੁੱਕੇ ਹਨ ਪਤਾ ਨਹੀ ਪ੍ਰਸ਼ਾਸ਼ਨ ਦਾ ਕਦੋਂ ਇਸ ਪਾਸੇ ਧਿਆਨ ਜਾਵੇਗਾ ਜੇਕਰ ਪ੍ਰਸ਼ਾਸ਼ਨ ਨੇ ਇਸ ਸਬੰਧੀ ਕੋਈ ਫੌਰੀ ਕਦਮ ਨਾ ਚੁੱਕਿਆ ਤਾਂ ਲੋਕ ਇਨਸਾਫ ਮੰਚ ਇਸ ਮਸਲੇ ਨੂੰ ਲੋਕਾਂ ਵਿੱਚ ਲੈ ਕੇ ਜਾਵਾਂਗੇ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਇਸ ਮਸਲੇ ਲਈ ਵੱਡਾ ਅੰਦੋਲਨ ਉਲੀਕਾਂਗੇ ।

# ਪਿਆਰ ਬਨਾਮ ਨਫ਼ਰਤ

ਛੋਟਿਆਂ ਨੂੰ ਦਿਓ ਅਸ਼ੀਰਵਾਦ ,
ਤੇ ਵੱਡਿਆਂ ਦਾ ਸਤਿਕਾਰ ਕਰੋ ।
ਜੇ ਕੋਈ ਕਰਦਾ ਏ ਕਰਨ ਦਿਓ ,
ਤੁਸੀਂ , ਨਾ ਐਪਰ ਤਕਰਾਰ ਕਰੋ ।
ਪਿਆਰ ਕਰਨ ਨਾਲ ਮੋਹ ਮਿਲਦੈ ,
ਸਦਾ ਨਫ਼ਰਤ ਨੂੰ ਨਫ਼ਰਤ ਮਿਲਦੀ ;
ਹੋਰ ਕਿਸੇ ਨੂੰ ਕਰਨ ਤੋਂ ਪਹਿਲਾਂ ,
ਆਪਣੇ ਆਪ ਨੂੰ ਪਿਆਰ ਕਰੋ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ
ਜਿਲ੍ਹਾ ਸੰਗਰੂਰ।
9914836037

# ਮੁਸ਼ਕਤ

ਮੁਸ਼ਕਤ
ਮਿੱਟੀ ਦੀ ਉਹ ਖੁਸ਼ਬੂ ਹੈ
ਜੋ ਸਵੇਰ ਦੀ ਪਹਿਰ
ਹੱਥਾਂ ਨਾਲ ਖੇਤ ਜੋਤਣ ਤੋਂ ਬਾਅਦ
ਹਵਾ ਵਿੱਚ ਫੈਲਦੀ ਹੈ।

ਇਹ ਪਸੀਨੇ ਦੀਆਂ ਬੂੰਦਾਂ ਹਨ
ਜੋ ਮੱਥੇ ਤੋਂ ਟਪਕਦੀਆਂ
ਪਰ ਸੁਪਨਿਆਂ ਦੀ ਜੜ੍ਹਾਂ ਨੂੰ ਸਿੰਜਦੀਆਂ ਹਨ।

ਮੁਸ਼ਕਤ
ਉਹ ਸੱਚਾਈ ਹੈ
ਜੋ ਝੂਠੇ ਰਸਤੇ ਨਹੀਂ ਲੈਂਦੀ,
ਨਾ ਹੀ ਕਿਸਮਤ ਦੇ ਭਰੋਸੇ ਬੈਠਦੀ ਹੈ।

ਇਹ ਉਹ ਸਾਥੀ ਹੈ
ਜੋ ਹਰ ਹਾਰ ਦੇ ਬਾਵਜੂਦ
ਹੌਸਲੇ ਦਾ ਹੱਥ ਫੜ ਕੇ
ਮੰਜ਼ਿਲ ਵੱਲ ਚਲਦਾ ਰਹਿੰਦਾ ਹੈ।



**ਮੰਜੂ ਰਾਇਕਾ**

# ਕਵਿਤਾ

ਜਿੰਦਗੀ ਦੇ ਮੈਂ ਆਖਰੀ ਪੜ੍ਹਾ ਵਿੱਚ ਮੈਂ ਪਹੁੰਚ ਚੁੱਕਾ,
ਸੋਚਦਾ ਸੋਚਦਾ ਜਿੰਦਗੀ ਬਿਤਾ ਚੁੱਕਾ।
ਜਿੰਦਗੀ ਦੇ....
ਕੀ ਕੀਤਾ, ਕੀ ਨਹੀਂ ਕੀਤਾ,
ਪੱਲ ਪੱਲ ਦਾ ਕਰਮ ਗਿਨਾ ਚੁੱਕਾ,
ਜਿੰਦਗੀ ਦੇ...
ਅੱਛਾ ਕੀਤਾ, ਕੇ ਬੁਰਾ ਕੀਤਾ,
ਕੀ ਮੈਂ ਸਮੇਂ ਮੁਤਾਬਿਕ ਕੀਤਾ,
ਇਹ..ਓਹੀਓ.. ਜਾਣੇ,
ਮੈਂ ਉਸਨੂੰ ਆਪਣਾ ਗਵਾਹ ਬਣਾ ਚੁੱਕਾ।
ਜਿੰਦਗੀ ਦੇ ਆਖਰੀ....
ਬਚਪਨ ਦੀਆਂ ਨਾਦਾਨੀਆਂ,
ਜਵਾਨੀ ਦੀਆਂ ਮਸਤੀਆਂ,
ਇਸ ਸਫ਼ਰ ਦੀ ਗੁਸਤਾਖੀ ਵੀ ਦਸ ਚੁੱਕਾ।
ਜਿੰਦਗੀ ਦੇ ਸਫ਼ਰ....
ਕਿਹਦੇ ਨਾਲ ਖੂਦੋ ਤੇ ਕਿਹਦੇ ਨਾਲ ਪਿੱਠੂ,
ਕਿਹਦੇ ਨਾਲ ਬੰਟੇ ਤੇ ਕਿਹਦੇ ਨਾਲ ਬਾਰਾਂ ਟੀਨੀ,
ਕਿਹਦੇ ਨਾਲ ਮੈਂ ਰੋਲ਼ ਮਾਰਿਆ,
ਇਹਦਾ ਵੀ ਮੈਂ ਹਿਸਾਬ ਕਰ ਚੁੱਕਾ।
ਜਿੰਦਗੀ ਦੇ ਸਫ਼ਰ....
ਪਿੱਛਲਾ ਹਿਸਾਬ ਕਰਦਿਆਂ ਕਰਦਿਆਂ,
ਅੱਗਾ ਵੀ ਯਾਦ ਆਉਣ ਲੱਗਾ,
ਕਰਮ ਫੱਲ ਭੁਗਤਣ ਲਈ ਕੀ ਕੀਤਾ,
ਨਾ ਪੁੰਨ ਤੇ ਨਾ ਦਾਨ ਕੀਤਾ,
ਦਿਤਾ ਥੋੜ੍ਹਾ ਤੇ ਜਿਆਦਾ ਦਿਖਾਵਾ ਕੀਤਾ,
ਸੱਜਾ ਤੇ ਖੱਬੇ ਹੱਥ ਦੇ ਫੱਲਸਫ਼ਾ ਨੂੰ ਵੀ ਭੁਲਾ ਚੁੱਕਾ।
ਜਿੰਦਗੀ ਦੇ ਸਫ਼ਰ....
ਹਰੀ* ਨੇ ਜਾਂਦੇ ਜਾਂਦੇ ਜਿੰਦਗੀ ਦਾ ਸਫ਼ਰ ਬਿਆਨ ਕੀਤਾ,
ਰਹੇ ਨਾ ਕਿਸੇ ਨੂੰ ਗਿਲ੍ਹਾ ਸ਼ਿਕਵਾ,
ਇਸੇ ਲਈ ਇਹ ਕੱਲਮ ਬੰਦ ਕੀਤਾ,
ਹੋਸ਼ੋ ਹਵਾਸ਼ ਵਿੱਚ ਮੈਂ ਬਿਆਂ ਕੀਤਾ,
ਜੀਂਦੇ ਜੀਅ ਆਪਣੀ ਵਸੀਅਤ ਕਰਾ ਚੁੱਕਾ,
ਜਿੰਦਗੀ ਦੇ ਆਖਰੀ ਪੜ੍ਹਾ ਵਿੱਚ ਮੈਂ ਪਹੁੰਚ ਚੁੱਕਾ।
ਜਿੰਦਗੀ ਦੇ ਆਖਰੀ ਪੜ੍ਹਾ ਵਿੱਚ ਮੈਂ ਪਹੁੰਚ ਚੁੱਕਾ।



**ਹਰੀ ਕ੍ਰਿਸ਼ਨ ਬੰਗਾ**

# ਉਡੀਕਾਂ ਤੇਰੀਆਂ

ਐਤਕੀ ਸੀ ਉਡੀਕਾਂ ਤੇਰੀਆਂ ,
ਤੇਰੇ ਮੁੱਕੇ ਨਾ ਸੋਹਣਿਆਂ ਲਾਰੇ ਵੇ ।
ਜਵਾਨੀ ਮੇਰੀ ਸਾਰੀ ਖਾ ਲਈ,
ਤੈਨੂੰ ਡਾਲਰ ਨੇ ਮੇਰੇ ਤੋਂ ਪਿਆਰੇ ਵੇ ।
ਬੱਲੇ ਬੱਲੇ ਵੇ ......
ਕਦੋਂ ਘਰ ਤੂੰ ਆਵਣਾ ,
ਕਦੋਂ ਮਲਣੇ ਮੈ ਰੰਗਲੇ ਦੰਦਾਸੇ ਵੇ ।
ਪਾ ਕੇ ਸੂਟ ਸ਼ਗਨਾਂ ਦਾ ,
ਅਸਾਂ ਦਰਾਂ ਚ ਖਿਲਾਰਨੇ ਹਾਸੇ ਵੇ ।
ਤੇਰੇ ਬਿੰਨਾ ਕਾਹਦੀ ਜ਼ਿੰਦਗੀ ,
ਪਏ ਦਰਦ ਵਿਛੋੜਿਆਂ ਦੇ ਭਾਰੇ ਵੇ ।
ਐਤਕੀ ਸੀ ਉਡੀਕਾਂ ਤੇਰੀਆਂ......।
ਬੱਲੇ ਬੱਲੇ ਵੇ .....
ਛੇਤੀ ਮੈਨੂੰ ਕੋਲ ਸੱਦਣਾ ,
ਦਿਲ ਨੂੰ ਲਾਉਂਦੀ ਰਹਾਂ ਮੈਂ ਲਾਰਾ ਵੇ ।
ਲੋਕੀਂ ਮੈਨੂੰ ਚੋਭਾਂ ਲਾਂਵਦੇ ,
ਹੋਰ ਲੱਭੀ ਕੋਈ ਹੋਣੀ ਸਰਦਾਰਾ ਵੇ ।
ਅੱਖਾਂ ਲੁੱਕ ਲੁੱਕ ਪੂੰਝਦੀ,
ਛੱਜ ਹਾਸਿਆਂ ਦਾ ਉਂਝ ਮੈਂ ਖਿਲਾਰੇ ਵੇ ।
ਐਤਕੀ ਸੀ ਉਡੀਕਾਂ ਤੇਰੀਆਂ ......
ਬੱਲੇ ਬੱਲੇ ਵੇ ........
ਤੇਲ ਆ ਕੇ ਤੂੰ ਪਾਵਣਾ,
ਜਿਹੜੇ ਸਧਰਾਂ ਦੇ ਦੀਵੇ ਮੈ ਬਾਲੇ ਵੇ ।
ਅਰਮਾਨ ਮੇਰੇ ਤੋੜ ਦੇਵੀਂ ਨਾ ,
ਪਾਏ ਦਿਲ ਨੂੰ ਦੁੱਖਾਂ ਨੇ ਜਾਲੇ ਵੇ ।
ਤੇਰੇ ਵਿੱਚ ਜਿੰਦ ਸੋਹਣਿਆਂ,
'ਗੁਰੀ' ਸਾਹਾਂ ਤੱਕ ਤੇਰੇ ਤੋਂ ਵਾਰੇ ਵੇ ।
ਐਤਕੀ ਸੀ ਉਡੀਕਾਂ ਤੇਰੀਆਂ



**...ਦਿਲਪ੍ਰੀਤ ਗੁਰੀ**



# ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਵੱਲੋਂ ਡਾ.ਅਮਰਜੀਤ ਕੌਂਕੇ ਦੀ ਕਿਤਾਬ 'ਇਸ ਧਰਤੀ 'ਤੇ ਰਹਿੰਦਿਆਂ' ਦਾ ਲੋਕ ਅਰਪਣ ਤੇ ਗੋਸ਼ਟੀ ਰਹੀ ਯਾਦਗਾਰੀ

## ਡਾ.ਸੁਰਜੀਤ ਬਰਾੜ ਦਾ ਨਾਵਲ 'ਕਾਲੀ ਕੰਬਲੀ',ਗੁਰਸ਼ਰਨ ਕੌਰ ਦੀ 'ਅਸੀਂ ਹਾਂ ਰੁੱਖ ਪੰਜਾਬ' ਦੇ ਤੇ ਏਕਮ ਦੀ 'ਨੀਨਿਆ' ਕੀਤੀਆਂ ਲੋਕ ਅਰਪਣ
















**ਮੋਗਾ, (ਪੱਤਰ ਪ੍ਰੇਰਕ)** ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਵੱਲੋਂ ਡਾ. ਅਮਰਜੀਤ ਕੌਂਕੇ ਦੇ ਕਾਵਿ- ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ' ਦਾ ਲੋਕ ਅਰਪਣ ਅਤੇ ਵਿਚਾਰ ਗੋਸ਼ਟੀ ਸਮਾਗਮ ਸਥਾਨਕ ਸੁਤੰਤਰਤਾ ਸੈਨਾਨੀ ਭਵਨ,ਸ਼ਹੀਦ ਭਗਤ ਸਿੰਘ ਮਾਰਕੀਟ, ਮੋਗਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਵੱਲੋਂ ਕੀਤੀ ਗਈ ਅਤੇ ਪ੍ਰਧਾਨਗੀ ਮੰਡਲ ਵਿੱਚ ਡਾ. ਮੇਹਰ ਮਾਣਕ, ਡਾ.ਅਮਰਜੀਤ ਕੌਂਕੇ, ਡਾ. ਸੁਰਜੀਤ ਬਰਾੜ ਘੋਲੀਆ, ਡਾ. ਗੁਰਵਿੰਦਰ ਅਮਨ ਰਾਜਪੁਰਾ ਅਤੇ ਪ੍ਰਧਾਨ ਅਸ਼ੋਕ ਚੱਟਾਨੀ ਬਿਰ-ਾਜਮਾਨ ਹੋਏ। ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਕੌਂਕੇ ਦੀ ਕਿਤਾਬ 'ਤੇ ਨਿੱਠ ਕੇ ਹੋਈ ਚਰਚਾ ਦੱਸਦੀ ਹੈ ਕਿ ਕੌਂਕੇ ਕੋਲ ਕਵਿਤਾ ਹੈ। ਉਹਨਾਂ ਕੌਂਕੇ ਤੇ ਕਿਤਾਬ 'ਤੇ ਲਿਖਿਆ ਸ਼ਬਦ ਚਿੱਤਰ ਵੀ ਪੜ੍ਹਿਆ। ਪੁਸਤਕ 'ਤੇ ਪਰਚਾ ਪੜ੍ਹਦਿਆਂ ਪ੍ਰਸਿੱਧ ਆਲੋਚਕ ਡਾ.ਸੁਰਜੀਤ ਬਰਾੜ ਘੋਲੀਆ ਨੇ ਕਿਹਾ ਕਿ ਅਮਰਜੀਤ ਕੌਂਕੇ ਕੋਲੇ ਵਿਸ਼ਵ ਪੱਧਰੀ ਕਵਿਤਾ ਦਾ ਗਿਆਨ ਹੈ ਜਿਸ ਕਰ ਕੇ ਉਹ ਖੁੱਲ੍ਹੀ ਕਵਿਤਾ ਵਿਚ ਜਾਨ ਪਾ ਦਿੰਦਾ ਹੈ ਤੇ ਉਸ ਦੀ ਇੱਕਬਚਨੀ ਕਵਿਤਾ ਬਹੁਬਚਨੀ ਹੋ ਨਿੱਬੜਦੀ ਹੈ। ਨਵ ਪੂੰਜੀਵਾਦੀ ਵਿਸ਼ਵੀਕਰਨ ਨੂੰ ਕੌਂਕੇ ਦੀ ਕਵਿਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਡਾ. ਮੇਹਰ ਮਾਣਕ ਨੇ ਬਹਿਸ ਦਾ ਆਗਾਜ਼ ਕਰਦੇ ਕੌਂਕੇ ਦੀ ਕਵਿਤਾ ਨੂੰ ਖੇਤਰੀ, ਕੌਮੀ ਅਤੇ ਕੌਮਾਂਤਰੀ ਸੰਕਟਾਂ ਨਾਲ਼ ਗ੍ਰਸਤ ਕਿਹਾ ਹੈ। ਜਸਵੀਰ ਕਲਸੀ ਧਰਮਕੋਟ, ਰਣਜੀਤ ਸਰਾਂਵਾਲੀ, ਅਲਫ਼ਾਜ਼, ਧਾਮੀ ਗਿੱਲ, ਗੁਰਪ੍ਰੀਤ ਧਰਮਕੋਟ, ਅਮਰ ਘੋਲੀਆ ਅਤੇ ਗੁਰਚਰਨ ਸਿੰਘ ਸੰਘਾ ਨੇ ਚਰਚਾ ਨੂੰ ਅੱਗੇ ਵਧਾਉਂਦੇ ਹੋਏ ਕੌਂਕੇ ਦੀ ਕਵਿਤਾ ਦੇ ਵੱਖ-ਵੱਖ ਪਹਿਲੂਆਂ 'ਤੇ ਗੱਲ ਕੀਤੀ। ਡਾ. ਗੁਰਵਿੰਦਰ ਅਮਨ ਪ੍ਰਧਾਨ ਲੋਕ ਸਾਹਿਤ ਸੰਗਮ, ਰਾਜਪੁਰਾ ਨੇ ਵਧਾਈ ਦਿੰਦੇ ਹੋਏ ਕਿਹਾ ਕਿ ਕੌਂਕੇ ਪ੍ਰੋੜ ਕਵੀ ਤੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਹਨ ਉਨ੍ਹਾਂ ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਨੂੰ ਵਧੀਆ ਸਮਾਗਮ ਕਰਵਾਉਣ ਦੀ ਵਧਾਈ ਦਿੱਤੀ। ਅਮਰਜੀਤ ਕੌਂਕੇ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਆਪਣੀਆਂ ਤਿੰਨ ਚਾਰ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਕਾਫ਼ੀ 'ਵਾਹ-ਵਾਹ' ਖੱਟੀ। ਸਟੇਜ ਦੀ ਕਾਰਵਾਈ ਨੌਜਵਾਨ ਸ਼ਾਇਰ ਚਰਨਜੀਤ ਸਮਾਲਸਰ ਨੇ ਬਾਖ਼ੂਬੀ ਚਲਾਈ। ਪ੍ਰਧਾਨ ਅਸ਼ੋਕ ਚੱਟਾਨੀ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਵੱਲੋਂ ਕਵੀ ਅਮਰਜੀਤ ਕੋਂਕੇ ਦਾ ਲੋਈ ਅਤੇ ਮੈਮੇਂਟੋ ਨਾਲ਼ ਸਨਮਾਨ ਵੀ ਕੀਤਾ ਗਿਆ।ਦੂਜੇ ਸੈਸ਼ਨ ਸ਼ੁਰੂਆਤ ਕਾਮਰੇਡ ਜੀਤ ਦੇ ਗੀਤ ਨਾਲ ਹੋਈ। ਜਿਸ ਵਿੱਚ ਡਾ. ਸੁਰਜੀਤ ਬਰਾੜ ਘੋਲੀਆ ਦਾ ਚੌਥਾ ਨਾਵਲ ' ਕਾਲੀ ਕੰਬਲੀ', ਗੁਰਸ਼ਰਨ ਕੌਰ ਮੋਗਾ ਦੀ ਕਿਤਾਬ 'ਅਸੀਂ ਹਾਂ ਰੁੱਖ ਪੰਜਾਬ ਦੇ', ਏਕਮ ਦੀ ਕਹਾਣੀਆਂ ਦੀ ਪਲੇਠੀ ਪੁਸਤਕ 'ਨੀਨਿਆ', ਪ੍ਰਤਿਮਾਨ ਦਾ 85 ਵਾਂ ਅਤੇ ਲੋਹਮਣੀ ਦਾ 70 ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਕਵੀ ਦਰਬਾਰ ਵਿਚ ਨਰਿੰਦਰ ਰੋਹੀ, ਸੋਨੀ ਮੋਗਾ,ਤਰਸੇਮ ਲੰਡੇ, ਪ੍ਰੇਮ ਕੁਮਾਰ, ਪ੍ਰਸ਼ੋਤਮ ਪੱਤੋ, ਡਾਕਟਰ ਸਰਬਜੀਤ ਕੌਰ ਬਰਾੜ, ਕਰਮਜੀਤ ਕੌਰ ਲੰਡੇਕੇ, ਜੰਗੀਰ ਸਿੰਘ ਖੋਖਰ,ਹੈਪੀ ਸ਼ਾਇਰ,ਹਰਵਿੰਦਰ ਸਿੰਘ ਬਿਲਾਸਪੁਰ, ਜਸਵੰਤ ਰਾਊਕੇ, ਜਸਵੰਤ ਗਿੱਲ ਸਮਾਲਸਰ, ਕੁਲਵਿੰਦਰ ਸਿੰਘ ਦਿਲਗੀਰ, ਅਮਰੀਕ ਸਿੰਘ ਸੈਦੋਕੇ, ਨਛੱਤਰ ਸਿੰਘ ਪ੍ਰੇਮੀ, ਕੁਲਵਿੰਦਰ ਵਿਰਕ, ਕਵੀ ਜੀਤ ਜਗਪਾਲ ਗਾਜੀਆਣਾ,ਯਸ਼ ਪੱਤੋ, ਪ੍ਰਿਤਪਾਲ ਜ਼ੀਰਾ, ਮੇਜਰ ਸਿੰਘ ਕਾਲੇਕੇ ਅਤੇ ਬਲਵਿੰਦਰ ਕੈਂਥ ਨੇ ਆਪੋ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਤੋਂ ਇਲਾਵਾ ਸਮਾਗਮ ਵਿੱਚ ਹਰਨੇਕ ਸਿੰਘ ਰੋਡੇ, ਨਵਨੀਤ ਸੇਖਾ,ਪ੍ਰਿੰਸੀਪਲ ਰਣਧੀਰ ਸਿੰਘ ਗਿੱਲ,ਗਿਆਨ ਸਿੰਘ ਡੀਪੀਆਰਓ,ਨਾਟਕਕਾਰ ਮੋਹੀ ਅਮਰਜੀਤ, ਵਿਵੇਕ ਕੋਟ ਈਸੇ ਖਾਂ, ਪਰਮਜੀਤ ਚੂੜਚੱਕ, ਕਵੀ ਬਲਦੇਵ ਸਿੰਘ ਢਿੱਲੋ, ਕੁਲਦੀਪ ਸਿੰਘ ਮੋਗਾ, ਹਰਭਜਨ ਸਿੰਘ ਨਾਗਰਾ,ਗੁਰਮੀਤ ਰੱਖਰਾ ਕੜਿਆਲ ਅਤੇ ਬਲਵੀਰ ਸਿੰਘ ਪਰਦੇਸੀ ਹਾਜ਼ਰ ਸਨ।

# ਸਭ ਤੋਂ ਵੱਡੀ ਚੁਣੌਤੀ ਸਾਡੀ ਆਜ਼ਾਦੀ ਨੂੰ ਸੁਰੱਖਿਅਤ ਰੱਖਣਾ ਹੈ: ਜੰਡਾ

## ਸਭਿਆਚਾਰ ਸੰਭਾਲ ਸੋਸਾਇਟੀ ਨੇ 'ਦੇਸ਼ ਮੇਰਾ ਮੈਂ ਦੇਸ਼ ਕਾ' ਵਿਸ਼ੇ 'ਤੇ ਭਾਸ਼ਣ ਮੁਕਾਬਲਾ ਕਰਵਾਇਆ





**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਆਜ਼ਾਦੀ ਮਿਲਣ ਤੋਂ ਬਾਅਦ, ਸਭ ਤੋਂ ਵੱਡੀ ਚੁਣੌਤੀ ਆਪਣੀ ਆਜ਼ਾਦੀ ਨੂੰ ਸੁਰੱਖਿਅਤ ਰੱਖਣਾ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਨੂੰ ਆਪਣੇ ਬੱਚਿਆਂ ਨੂੰ ਆਜ਼ਾਦੀ ਦਾ ਅਸਲ ਅਰਥ ਸਮਝਾਉਣਾ ਹੋਵੇਗਾ। ਉਪਰੋਕਤ ਸ਼ਬਦ ਸੱਭਿਆਚਾਰ ਸੰਭਾਲ ਸੋਸਾਇਟੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਵਾਲੀ ਵਿੱਚ ਆਜ਼ਾਦੀ ਨੂੰ ਸਮਰਪਿਤ 'ਦੇਸ਼ ਮੇਰਾ ਮੈਂ ਦੇਸ਼ ਕਾ' ਵਿਸ਼ੇ 'ਤੇ ਭਾਸ਼ਣ ਮੁਕਾਬਲੇ ਨੂੰ ਸੰਬੋਧਨ ਕਰਦਿਆਂ ਕਹੇ। ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਕਿਹਾ ਕਿ ਸੱਭਿਆਚਾਰ ਸੰਭਾਲ ਸੋਸਾਇਟੀ ਹਮੇਸ਼ਾ ਸਾਡੇ ਬੱਚਿਆਂ ਨੂੰ ਸਾਡੇ ਸੱਭਿਆਚਾਰ ਦੇ ਨਾਲ-ਨਾਲ ਆਪਣੇ ਦੇਸ਼ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਸੰਜੀਵ ਤਲਵਾੜ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਾਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾਉਣ ਦੀ ਸਾਜ਼ਿਸ਼ ਰਚੀ ਗਈ ਜਿਸ ਵਿੱਚ ਸਾਨੂੰ ਸਾਡੇ ਸੱਭਿਆਚਾਰ ਤੋਂ ਦੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਆਧੁਨਿਕ ਯੁੱਗ ਵਿੱਚ ਚਲੇ ਜਾਈਏ, ਜੇ ਅਸੀਂ ਆਪਣੀ ਸੰਸਕ੍ਰਿਤੀ ਨੂੰ ਪਿੱਛੇ ਛੱਡ ਦੇਈਏ, ਤਾਂ ਅਸੀਂ ਦੁਨੀਆ ਦੇ ਕਿਸੇ ਵੀ ਦੇਸ਼ ਦਾ ਮੁਕਾਬਲਾ ਨਹੀਂ ਕਰ ਸਕਾਂਗੇ। ਸੰਜੀਵ ਤਲਵਾੜ ਨੇ ਬੱਚਿਆਂ ਨੂੰ ਆਪਣੇ ਸਾਰੇ ਦਿਨ ਆਪਣੀ ਸੰਸਕ੍ਰਿਤੀ ਅਨੁਸਾਰ ਮਨਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਸਿੱਧ ਲੇਖਕ ਦੇ ਧਰਮਪਾਲ ਸਾਹਿਲ, ਜਿਨ੍ਹਾਂ ਨੂੰ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਨੇ ਬੱਚਿਆਂ ਨੂੰ ਆਜ਼ਾਦੀ ਨੂੰ ਬਚਾਉਣ ਲਈ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਤੋਂ ਜਾਣੂ ਕਰਵਾਇਆ। ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ, ਉਨ੍ਹਾਂ ਨੂੰ ਸਫਲ ਜੀਵਨ ਦਾ ਮੰਤਰ ਦਿੱਤਾ ਅਤੇ ਕਿਹਾ ਕਿ ਸਿਰਫ਼ ਸਿੱਖਿਆ ਹੀ ਉਨ੍ਹਾਂ ਨੂੰ ਹਰ ਮੋੜ 'ਤੇ ਸਫਲ ਬਣਾ ਸਕਦੀ ਹੈ। ਮੁਕਾਬਲੇ ਵਿੱਚ ਹਰਲੀਨ ਕੌਰ ਪਹਿਲੇ, ਸੁਰਭੀ ਦੂਜੇ ਅਤੇ ਲਵੇਸ਼ ਕੁਮਾਰ ਤੀਜੇ ਸਥਾਨ 'ਤੇ ਆਏ। ਉਨ੍ਹਾਂ ਨੂੰ ਪ੍ਰਸਿੱਧ ਸਮਾਜ ਸੇਵਕ ਡਾ. ਅਜੇ ਬੱਗਾ ਵੱਲੋਂ ਨਕਦ ਇਨਾਮ ਦੇ ਨਾਲ-ਨਾਲ ਪ੍ਰਸ਼ੰਸਾ ਪੱਤਰ ਵੀ ਭੇਟ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਕੁਮਾਰ, ਰੰਜੀਵ ਤਲਵਾੜ, ਮੋਹਨ ਲਾਲ ਕਲਸੀ, ਹਰਬੰਸ ਸਿੰਘ ਕਮਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

**ਫੋਟੋ ਅਜਮੇਰ ਦੀਵਾਨਾ**

# ਲੋਕ ਇਨਸਾਫ਼ ਮੰਚ ਅਤੇ ਭਰਾਤਰੀ ਜਥੇਬੰਦੀਆਂ ਵਲੋਂ ਡੇਰਾ ਮਈਆ ਭਗਵਾਨ ਦੇ ਸਾਹਮਣੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਧਰਨਾਕਾਰੀ 36ਵੇਂ ਦਿਨ ਵੀ ਡਟੇ ਰਹੇ

**● ਧਰਨੇ ਵਿੱਚ ਸੀ ਪੀ ਆਈ ਐਮ, ਕੁੱਲ ਹਿੰਦ ਖੇਤ ਮਜਦੂਰ ਯੂਨੀਅਨ, ਜਨਵਾਦੀ ਨੌਜਵਾਨ ਸਭਾ ਤੇ ਆਗਨਵਾੜੀ ਵਰਕਰ ਯੂਨੀਅਨ ਅਤੇ ਆਲ ਇੰਡੀਆ ਕਿਸਾਨ ਸਭਾ ਵਲੋਂ ਭਰਵੀਂ ਸ਼ਮੂਲੀਅਤ ● 15 ਅਗਸਤ ਨੂੰ ਸ਼ਹਿਰ ਫਿਲੌਰ ਵਿੱਚ ਕਾਲ਼ੇ ਝੰਡੇ ਲੈਕੇ ਵਿਸ਼ਾਲ ਮਾਰਚ ਦੀ ਤਿਆਰੀ ਸ਼ੁਰੂ**



**ਫਿਲੌਰ/ਅੱਪਰਾ (ਦੀਪਾ)**-ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹ-ਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕੇ ਧਰਨੇ ਅੱਜ 36ਵੇਂ ਦਿਨ ਵੀ ਜਾਰੀ ਰਿਹਾ। ਇਸ ਧਰਨੇ ਵਿੱਚ ਵੱਖ ਵੱਖ ਪਿੰਡਾਂ ਦੇ ਲੋਕਾਂ ਅਤੇ ਸੀ ਪੀ ਆਈ ਐਮ, ਜਨਵਾਦੀ ਨੌਜਵਾਨ ਸਭਾ, ਕੁੱਲ ਹਿੰਦ ਖੇਤ ਮਜਦੂਰ ਯੂਨੀਅਨ, ਆਲ ਇੰਡੀਆ ਕਿਸਾਨ ਸਭਾ, ਆਗੰਨਵਾੜੀ ਵਰਕਰ ਯੂਨੀਅਨ ਅਤੇ ਜਨਰਲ ਮਜਦੂਰ ਯੂਨੀਅਨ ਵਲੋ ਵੱਡੀ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਧਰਨੇ ਨੂੰ ਸੁਖਵਿੰਦਰ ਸਿੰਘ ਨਾਗੀ ਸੂਬਾ ਕਮੇਟੀ ਮੈਂਬਰ ਸੀ ਪੀ ਆਈ ਐਮ, ਸੁਖਵੀਰ ਸਿੰਘ ਜਿਲ੍ਹਾ ਪ੍ਰਧਾਨ ਜਨਵਾਦੀ ਨੌਜਵਾਨ ਸਭਾ ਜ਼ਿਲ੍ਹਾ ਜਲੰਧਰ, ਮਾਸਟਰ ਮੂਲ ਚੰਦ ਸਰਹਾਲੀ ਜਿਲ੍ਹਾ ਪ੍ਰਧਾਨ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ, ਕਾਮਰੇਡ ਪਿਆਰਾ ਸਿੰਘ ਲਸਾੜਾ ਸੂਬਾਈ ਆਗੂ ਆਲ ਇੰਡੀਆ ਕਿਸਾਨ ਸਭਾ, ਕਮਲਜੀਤ ਸਿੰਘ ਜਿਲ੍ਹਾ ਸਕੱਤਰ ਜਨਵਾਦੀ ਨੌਜਵਾਨ ਸਭਾ ਜ਼ਿਲ੍ਹਾ ਜਲੰਧਰ, ਨਿਰਲੇਪ ਕੌਰ ਜਿਲ੍ਹਾ ਪ੍ਰਧਾਨ ਆਗਣਵਾੜੀ ਵਰਕਰ ਯੂਨੀਅਨ, ਹਰਮੇਸ਼ ਕੁਮਾਰ ਜਿਲ੍ਹਾ ਆਗੂ ਸੀ ਪੀ ਆਈ ਐਮ, ਸੋਮਾ ਰਾਣੀ ਬਲਾਕ ਸਕੱਤਰ ਆਗਣਵਾੜੀ ਵਰਕਰ ਯੂਨੀਅਨ, ਪਰਵਿੰਦਰ ਫਲਪੋਤਾ ਜਨਰਲ ਮਜਦੂਰ ਯੂਨੀਅਨ ਆਦਿ ਵਲੋਂ ਖ਼ਾਸ ਤੌਰ ਤੇ ਸੰਬੋਧਨ ਕੀਤਾ ਗਿਆ। ਇਸ ਮੌਕੇ ਆਗੂਆਂ ਲੋਕ ਇਨਸਾਫ਼ ਮੰਚ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ 15 ਅਗਸਤ ਨੂੰ ਅਜ਼ਾਦੀ ਦਿਹਾੜੇ ਤੇ ਕਾਲ਼ੇ ਝੰਡੇ ਲੈਕੇ ਸ਼ਹਿਰ ਫਿਲੌਰ ਵਿੱਚ ਵਿਸ਼ਾਲ ਰੋਸ ਮਾਰਚ ਕਰਨ ਦੀ ਤਿਆਰੀ ਵੱਡੇ ਪੱਧਰ ਤੇ ਸ਼ੁਰੂ ਕੀਤੀ ਗਈ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫ਼ਿਲੌਰ ਦੇ ਘਰ ਸਾਹਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ। ਅੱਜ ਦੇ ਧਰਨੇ ਵਿੱਚ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਆਗੂ ਹਾਜ਼ਰ ਸਨ। ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਰਾਜਵਿੰਦਰ ਸਿੰਘ ਮੁਠੱਡਾ ਕਲਾਂ, ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਸੋਮ ਨਾਥ ਸ਼ੇਖੂਪੁਰ, ਮੁਠੱਡਾ, ਰਵੀ ਦਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਨੀਲ ਗੰਨਾ ਪਿੰਡ ਆਦਿ ਨੇ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ ਇਹ ਧਰਨਾ ਪੱਕੇ ਤੌਰ ਤੇ ਚਲਦਾ ਰਹੇਗਾ ਅਤੇ ਪਿੰਡਾਂ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਲਈ ਜਨਸੰਪਰਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਧਰਨੇ ਵਿੱਚ ਸੰਦੀਪ ਕੁਮਾਰੀ ਸਰਪੰਚ ਰਾਮਗੜ੍ਹ, ਕਰਨੈਲ ਫਿਲੌਰ, ਸ਼ਰਨਜੀਤ ਲੰਬੜਦਾਰ ਸ਼ੇਖੂਪੁਰ, ਗੁਰਨਾਮ ਮੁਠੱਡਾ, ਗੋਬਿੰਦ ਰਾਮ ਫਿਲੌਰ, ਸਰੂਪ ਕਲੇਰ, ਗੁਲਸ਼ਨ ਗੰਨਾ ਪਿੰਡ, ਪਰਵਿੰਦਰ ਫ਼ਲਪੋਤਾ, ਜਸਵਿੰਦਰ ਪਾਲ ਰਵੀਦਾਸ ਪੁਰਾ, ਬਲਜੀਤ ਸਿੰਘ ਕੰਗ ਅਰਾਈਆਂ, ਮੱਘਰ ਜਗਪਤਪੁਰਾ, ਅਜੇ ਸਿੰਘ ਨਾਗੀ, ਤਰਸੇਮ ਲਾਲ ਸੰਤ ਨਗਰ, ਕਸ਼ਮੀਰੀ ਲਾਲ ਰਵਿਦਸਪੁਰਾ, ਜੋਗਿੰਦਰ ਪਵਾਰ, ਸਰੂਪਾ ਗੰਨਾ ਪਿੰਡ, ਗੁਰਬਚਨ ਰਵਿਦਸਪੁਰ, ਸੁਨੀਤਾ ਫਿਲੌਰ, ਕਾਮਲਜੀਤ ਕੌਰ, ਅੰਜੂ ਵਿਰਦੀ, ਹੰਸ ਕੌਰ, ਕਮਲਾ ਰਾਣੀ, ਗੇਜੋ ਫਿਲੌਰ , ਬਿੰਦਰ ਫ਼ਿਲੌਰ, ਜਸਵਿੰਦਰ ਬਿੱਲੂ , ਗਗਨ ਕੁਮਾਰ, ਵਿਸ਼ਾਲ ਅਲੋਵਾਲ, ਹੈਰੀ ਡੇਰਾ ਮਈਆ ਭਗਵਾਨ, ਆਦਿ ਹਾਜ਼ਰ ਸਨ।

# ਪੰਜਾਬ ਰੋਡਵੇਜ਼ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਵਿੱਚ ਨਵੇਂ ਸਾਥੀਆਂ ਦੇ ਆਉਣ ਦੀ ਖ਼ੁਸ਼ੀ ਮਨਾਈ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰੋਡਵੇਜ਼ ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) 205/15 ਦੀ ਮਾਸਿਕ ਮੀਟਿੰਗ ਸੀਨੀਅਰ ਡਿਪਟੀ ਪ੍ਰਧਾਨ ਹਰਜਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਨਵੇਂ ਸ਼ਾਮਲ ਹੋਏ ਸਾਥੀਆਂ ਮਨਜੀਤ ਸਿੰਘ, ਮੋਹਨ ਸਿੰਘ ਖੇੜਾ, ਅਵਤਾਰ ਸਿੰਘ, ਮਾ. ਅਵਤਾਰ ਸਿੰਘ ਡਰਾਈਵਰ, ਸਤਨਾਮ ਸਿੰਘ ਆਦਿ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਯੂਨੀਅਨ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਤੋਂ ਬਾਅਦ 70 ਸਾਲਾਂ ਤੋਂ ਵੱਧ ਸਮੇਂ ਦੇ ਸਾਥੀਆਂ ਵਿੱਚੋਂ ਭੁਪਿੰਦਰ ਸਿੰਘ, ਹਰੀ ਕ੍ਰਿਸ਼ਨ, ਯੋਗਰਾਜ ਇੰਸਪੈਕਟਰ ਚੰਡੀਗੜ੍ਹ, ਬਾਬਾ ਗੁਰਬਚਨ ਸਿੰਘ ਆਦਿ ਨੂੰ ਸਨਮਾਨਿਤ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਸੇਵਾ ਮੁਕਤ ਕਰਮਚਾਰੀਆਂ, ਰੈਗੂਲਰ ਕਰਮਚਾਰੀਆਂ, ਠੇਕੇ 'ਤੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਅਧਿਕਾਰਾਂ 'ਤੇ ਤੁਰੰਤ ਵਿਚਾਰ ਕੀਤਾ ਜਾਵੇ ਅਤੇ ਟਾਲ ਮਟੋਲ ਦੀ ਨੀਤੀ ਨੂੰ ਬੰਦ ਕੀਤਾ ਜਾਵੇ। ਪੰਜਾਬ ਰੋਡਵੇਜ਼ ਇੰਸਟੀਚਿਊਟ ਦੇ ਬਜਟ ਨਾਲ ਬੱਸਾਂ ਖਰੀਦੀਆਂ ਜਾਣ, ਠੇਕਾ ਪ੍ਰਣਾਲੀ ਬੰਦ ਕੀਤੀ ਜਾਵੇ ਅਤੇ ਰੋਡਵੇਜ਼ ਦੇ ਵੱਖ-ਵੱਖ ਵਿਭਾਗਾਂ ਵਿੱਚ ਸਿੱਧੀ ਭਰਤੀ ਕੀਤੀ ਜਾਵੇ। ਸਾਮਰਾਜਵਾਦੀ ਨੀਤੀਆਂ ਨੂੰ ਜੜ੍ਹੋਂ ਪੁੱਟਿਆ ਜਾਵੇ, ਡੀ. ਏ. ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ। ਲੈਂਡ ਪੂਲਿੰਗ ਨੀਤੀ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਜ਼ਬਰਦਸਤੀ ਕਰਨਾ, ਪਾਣੀ, ਜੰਗਲ, ਜ਼ਮੀਨ ਦੀ ਰੱਖਿਆ ਲਈ ਸੰਘਰਸ਼ ਕਰ ਰਹੇ ਲੋਕਾਂ 'ਤੇ ਅੱਤਿਆਚਾਰ ਬੰਦ ਕੀਤੇ ਜਾਣੇ ਚਾਹੀਦੇ ਹਨ। ਅੱਜ ਦੀ ਮੀਟਿੰਗ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ। ਇਸ ਮੌਕੇ ਸੀਨੀਅਰ ਡਿਪਟੀ ਪ੍ਰਧਾਨ ਹਰਜਿੰਦਰ ਸਿੰਘ, ਮਨਜੀਤ ਸਿੰਘ, ਮੋਹਨ ਸਿੰਘ, ਗੁਰਬਖ਼ਸ਼ ਸਿੰਘ, ਅਵਤਾਰ ਸਿੰਘ, ਸ਼ਿਵ ਕੁਮਾਰ ਡਿਪਟੀ ਪ੍ਰਧਾਨ ਕਸ਼ਮੀਰ ਸਿੰਘ, ਹਰਬੰਸ ਸਿੰਘ, ਹਰਭਜਨ ਸਿੰਘ, ਹੋਰ ਮੈਂਬਰ ਮੌਜੂਦ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.


MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

- ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ £69
- ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
- ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
- ਨੁਸਖਾ ਨੰਬਰ 5 (IN CAPSULES): ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) £49
- ਨੁਸਖਾ ਨੰਬਰ 7 (IN CAPSULES): ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES): ... £59
- ਨੁਸਖਾ ਨੰਬਰ 9 (IN CAPSULES): ... £59
- ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
- ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS): ... £89
- ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginismus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), ਮਿਰਗੀ (Epilepsy) ਵਗੈਰਾ ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

- PILAES (IN OINTMENT) ... £19
- NURALACO (IN OINTMENT OR LOTION) ... £19
- CHILLAGA (IN OINTMENT OR LOTION) ... £19
- ARNSTRA (IN OINTMENT) ... £19
- BELINFLA (IN OIL OR OINTMENT) ... £19
- BELULCE (IN OIL) ... ULCERS ... £19
- BRYJOIN (IN OIL) ... £19
- CALWOUN (IN OIL OR OINTMENT) ... £19
- BURCAN (IN LOTION OR OINTMENT) ... £19
- ROUTUM (IN OINTMENT) ... £19
- JOINRHU (IN OIL) ... £19
- ASSSIL (IN LOTION) ... £19
- ITCSUL (IN OIL) ... £19
- WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਪੰਜਾਬ ਸਰਕਾਰ ਨੇ ਬਿਨਾਂ ਜੁਰਮਾਨੇ ਅਤੇ ਵਿਆਜ ਤੋਂ ਪ੍ਰਾਪਰਟੀ ਟੈਕਸ ਜਮਾਂ ਕਰਵਾਉਣ ਲਈ ਮਿਆਦ ਵਧਾਈ

## ਲੋਕ 15 ਅਗਸਤ ਤੱਕ ਜੁਰਮਾਨੇ ਅਤੇ ਵਿਆਜ਼ ਬਿਨਾਂ ਜਮਾ ਕਰਵਾ ਸਕਣਗੇ ਪ੍ਰਾਪਰਟੀ ਟੈਕਸ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਵਲੋਂ ਪ੍ਰਾਪਰਟੀ ਟੈਕਸ ਭਰਨ ਲਈ ਇਕਮੁਸ਼ਤ ਨਿਪਟਾਰਾ ਸਕੀਮ ਤਹਿਤ ਪ੍ਰਾਪਰਟੀ ਟੈਕਸ ਦਾ ਪੂਰਾ ਬਕਾਇਆ ਬਿਨਾਂ ਜੁਰਮਾਨੇ ਅਤੇ ਵਿਆਜ ਤੋਂ ਜਮਾ ਕਰਵਾਉਣ ਲਈ 15 ਅਗਸਤ ਵਾਧਾ ਤੱਕ ਕੀਤਾ ਹੈ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਸਕੀਮ ਪੰਜਾਬ ਮਿਊਂਸਪਲ ਐਕਟ 1971 ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੇ ਤਹਿਤ ਗ਼ੈਰ ਭੁਗਤਾਨ ਅਤੇ ਅੰਸ਼ਿਕ ਭੁਗਤਾਨ ਕੀਤੇ ਗਏ ਮਕਾਨ/ਸੰਪਤੀ ਟੈਕਸ ਵਾਲੇ ਵਿਅਕਤੀਆਂ ਨੂੰ ਇੱਕਮੁਸ਼ਤ/ਨਿਪਟਾਰਾ ਕਰਨ ਲਈ 15 ਅਗਸਤ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼ਹਿਰਵਾਸੀ ਜੁਰਮਾਨੇ ਅਤੇ ਵਿਆਜ ਤੋਂ 100 ਫ਼ੀਸਦੀ ਬਿਨਾਂ ਆਪਣਾ ਪ੍ਰਾਪਰਟੀ ਟੈਕਸ ਦਾ ਬਕਾਇਆ 15 ਅਗਸਤ ਤੱਕ ਜਮਾਂ ਕਰਵਾ ਸਕਦੇ ਹਨ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੇ ਪ੍ਰਾਪਰਟੀ ਟੈਕਸ ਦੇ ਬਕਾਏ ਦਾ ਸਮੇਂ ਸਿਰ ਭੁਗਤਾਨ ਕਰਨ।

# ਬਲਾਕ ਔੜ ਨੂੰ ਖਤਮ ਕਰਨਾ ਮੰਦਭਾਗਾ : ਪ੍ਰਵੀਨ ਬੰਗਾ



**ਬੰਗਾ (ਚਰਨਜੀਤ ਸੱਲ੍ਹਾਂ )** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ75ਪਿੰਡਾਂ ਨਾਲ ਜੁੜਿਆ ਬਲਾਕ ਔੜ ਨੂੰ ਖਤਮ ਕਰਨ ਦੇ ਫੈਂਸਲੇ ਦਾ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ, ਇਲਾਕੇ ਦੀਆਂ ਪੰਚਾਇਤਾਂ ਤੇ ਆਮ ਲੋਕਾਂ ਨੂੰ ਔੜ ਬੀ ਡੀ ਪੀ ਉ ਦਫਤਰ ਤੋ ਮਿਲ ਰਹੀਆਂ ਸਹੂਲਤਾਂ ਨੂੰ ਪਕੇ ਤੋਰ ਤੇ ਬੰਦ ਕਰ ਰਹੀ ਹੈ ਬਹੁਜਨ ਸਮਾਜ ਪਾਰਟੀ ਲੋਕਾਂ ਦੀ ਭਾਵਨਾਵਾਂ ਨੂੰ ਸਮਝਦੇ ਹੋਏ ਸਰਕਾਰ ਦੇ ਇਸ ਫੈਂਸਲੇ ਦਾ ਵਿਰੋਧ ਕਰ ਰਹੀ ਹੈ ਇਨਕਲਾਬੀ ਸਰਕਾਰ ਵਲੋਂ ਦੇਣਾ ਤਾਂ ਕੁੱਝ ਨਹੀਂ ਜੋ ਪਹਿਲਾਂ ਹੈ ਉਹ ਵੀ ਖਤਮ ਕਰ ਰਹੀ ਹੈ ਜੋ ਔੜ ਇਲਾਕੇ ਦੇ ਲੋਕਾਂ ਨੂੰ ਇਹ ਫੈਸਲਾ ਗਲਤ ਲਗਦਾ ਹੈ ਉਨ੍ਹਾਂ ਨੂੰ ਇਸ ਫੈਸਲੇ ਦੇ ਖਿਲਾਫ਼ ਨਿਤਰਨ ਦੀ ਅਪੀਲ ਕਰਦਿਆਂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਨੇ ਕਿਹਾ ਕਿ ਅਸੀਂ ਔੜ ਵਿੱਚ ਪੈਂਦੇ ਲੋਕਾਂ ਦੇ ਨਾਲ ਹਾਂ ਅਤੇ ਇਸ ਵਿਰੁੱਧ ਲੜ੍ਹਾਈ ਲੜੀ ਜਾਵੇਗੀ ਤਾਂ ਕਿ ਔੜ ਦੇ ਆਮ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਇਨ੍ਹਾਂ ਦੇ ਨਾਲ ਮਨੋਹਰ ਲਾਲ ਕਮਾਮ ਜ਼ਿਲ੍ਹਾ ਇੰਚਾਰਜ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਮਾਸਟਰ ਸਤਪਾਲ ਰਟੈਂਡਾ ਪ੍ਰਧਾਨ ਹਲਕਾ ਬੰਗਾ, ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ,ਸੋਮ ਨਾਥ ਰਟੈਂਡਾ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ ਕਟਾਰੀਆ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

# ਦੇਸ਼ ਦੁਨੀਆਂ ਦੇ ਭਖ਼ਦੇ ਮੁੱਦਿਆਂ 'ਤੇ ਕੇਂਦਰਤ ਹੋਏਗਾ ਗੁਲਾਬ ਕੌਰ ਨੂੰ ਸਮਰਪਤ ਮੇਲਾ ਗ਼ਦਰੀ ਬਾਬਿਆਂ ਦਾ

## 30 ਅਕਤੂਬਰ ਤੋਂ 2 ਨਵੰਬਰ ਸਰਘੀ ਵੇਲੇ ਤੱਕ ਚੱਲੇਗਾ ਮੇਲਾ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)** 30, 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਹੋਣ ਵਾਲਾ 34ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਸਾਮਰਾਜ, ਫਾਸ਼ੀਵਾਦ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਆਦਿਵਾਸੀਆਂ ਦੇ ਕਤਲੇਆਮ, ਉਜਾੜੇ, ਕੁਦਰਤੀ ਖਣਿਜ ਪਦਾਰਥਾਂ ਉਪਰ ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਦਾ ਧਾਵਾ, ਲੈਂਡ ਪੂਲਿੰਗ ਨੀਤੀ, ਔਰਤਾਂ ਦੀ ਸਮਾਜਕ ਬਰਾਬਰੀ, ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਆਜ਼ਾਦ, ਖੁਸ਼ਹਾਲ ਨਵਾਂ ਨਰੋਆ ਸਮਾਜ ਸਿਰਜਣ ਲਈ ਲੋਕ ਸੰਗਰਾਮ ਜਾਰੀ ਰੱਖਣ ਦਾ ਪੈਗ਼ਾਮ ਦੇਣ ਨੂੰ ਪ੍ਰਣਾਇਆ ਹੋਏਗਾ।

ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਮਰਪਤ ਇਸ ਮੇਲੇ ਦੇ ਸਿਖਰਲੇ ਦਿਨ ਪਹਿਲੀ ਨਵੰਬਰ ਸਵੇਰੇ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਦਰਸ਼ਨ ਖਟਕੜ ਅਦਾ ਕਰਨਗੇ। ਇਸ ਉਪਰੰਤ ਦਰਜਣਾਂ ਕਲਾਕਾਰਾਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਰਕਸ਼ਾਪ ਲਗਾ ਕੇ ਤਿਆਰ ਕੀਤਾ ਓਪੇਰਾ ਰੂਪੀ ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ 'ਖਿੜਦੇ ਰਹਿਣਗੇ ਗ਼ਦਰੀ ਗੁਲਾਬ' ਹੋਏਗਾ। ਸਾਰਾ ਦਿਨ ਗੀਤ-ਸੰਗੀਤ, ਵਿਚਾਰ-ਚਰਚਾ, ਭਖ਼ਦੇ ਮਸਲਿਆਂ 'ਤੇ ਬੁਲਾਰੇ ਆਪਣੇ ਵਿਚਾਰ ਰੱਖਣਗੇ। ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਹੋਏਗੀ। ਦਿਨ ਵੇਲੇ ਢੁਕਵੇਂ ਵਿਸ਼ਿਆਂ ਉਪਰ ਮੁਲਕ ਦੇ ਜਾਣੇ-ਪਹਿਚਾਣੇ ਵਿਦਵਾਨਾਂ ਮੁਹੰਮਦ ਯੂਸਫ਼ ਤਾਰੀਗਾਮੀ (ਜੰਮੂ-ਕਸ਼ਮੀਰ) ਅਤੇ ਡਾ. ਨਵਸ਼ਰਨ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ। ਤਿੰਨ ਰੋਜ਼ਾ ਮੇਲਾ 30 ਅਕਤੂਬਰ ਸ਼ਾਮ 4 ਵਜੇ ਸ਼ੁਰੂ ਹੋਣ ਵਾਲਾ ਮੇਲਾ ਹੋਏਗਾ ''ਪੁਸਤਕ ਸਭਿਆਚਾਰ ਦੀ ਸ਼ਾਮ: ਪਾਬੰਦੀ ਸ਼ੁਦਾ ਕਿਤਾਬਾਂ ਦੇ ਨਾਮ''। ਇਸ ਰੋਜ਼ ਹੀ ਸ਼ੁਰੂ ਹੋ ਜਾਏਗੀ ਕਲਾ ਅਤੇ ਫੋਟੋ ਪ੍ਰਦਰਸ਼ਨੀ। 31 ਅਕਤੂਬਰ ਦਿਨ ਵੇਲੇ ਕੁਇਜ਼, ਗਾਇਨ, ਭਾਸ਼ਣ ਅਤੇ ਪੇਂਟਿੰਗ ਮੁਕਾਬਲਾ ਹੋਏਗਾ। ਇਸ ਰੋਜ਼ ਦੁਪਹਿਰ ਵੇਲੇ ਵਿਚਾਰ-ਚਰਚਾ ਹੋਏਗੀ। ਜਿਸ ਵਿੱਚ 'ਫਾਸ਼ੀਵਾਦ ਅਤੇ ਭਾਰਤੀ ਲੋਕਤੰਤਰ' ਅਤੇ 'ਸਾਮ-ਰਾਜ ਅਤੇ ਵਿਸ਼ਵ ਵਪਾਰ ਦਾ ਦੁਨੀਆਂ ਭਰ ਦੇ ਲੋਕਾਂ ਉਪਰ ਹੱਲਾ' ਵਿਸ਼ੇ ਉਪਰ ਚਰਚਾ ਹੋਏਗੀ ਜਿਸ ਨੂੰ ਮੁਲਕ ਦੇ ਚੋਟੀ ਦੇ ਵਿਦਵਾਨ ਸੰਬੋਧਨ ਕਰਨਗੇ। ਇਸ ਸ਼ਾਮ ਹੋਏਗਾ ਕਵੀ ਦਰਬਾਰ ਜੋ ਔਰਤ ਮੁੱਦਿਆਂ ਅਤੇ ਔਰਤ ਸ਼ਕਤੀ 'ਤੇ ਕੇਂਦਰਤ ਹੋਏਗਾ।

31 ਅਕਤੂਬਰ ਸ਼ਾਮ: 'ਫਲਸਤੀਨ ਅਤੇ ਕਬਾਇਲੀ ਲੋਕਾਂ ਦੇ ਨਾਮ' ਦਸਤਾਵੇਜ਼ੀ ਫ਼ਿਲਮਾਂ ਦੀ ਸਕਰੀਨਿੰਗ ਹੋਏਗੀ ਤਿੰਨ ਰੋਜ਼ਾ ਮੇਲੇ ਮੌਕੇ ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਗ਼ਦਰੀ ਸ਼ਹੀਦ ਹਾਫ਼ਿਜ਼ ਅਬਦੁੱਲਾ ਨਗਰ ਦਾ ਨਾਮ ਦਿੱਤਾ ਜਾਏਗਾ ਜੋ ਕਿ ਗ਼ਦਰੀ ਗੁਲਾਬ ਕੌਰ ਅਤੇ ਹੋਰ ਗ਼ਦਰੀਆਂ ਨਾਲ ਸਰਗਰਮ ਯੋਗਦਾਨ ਪਾਉਂਦਾ ਰਿਹਾ। ਪੁਸਤਕ ਪ੍ਰਦਰਸ਼ਨੀ ਦੇ ਪੰਡਾਲ ਨੂੰ 'ਗ਼ਦਰੀ ਸ਼ਹੀਦ ਰਹਿਮਤ ਅਲੀ ਵਜ਼ੀਦਕੇ ਨਗਰ' ਅਤੇ ਪ੍ਰਮੁੱਖ ਪੰਡਾਲ ਨੂੰ 'ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਕੋਟਲਾ ਨੌਧ ਸਿੰਘ ਪੰਡਾਲ' ਦਾ ਨਾਮ ਦਿੱਤਾ ਜਾਏਗਾ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਹੋਈ ਮੀਟਿੰਗ 'ਚ ਲਏ ਮਹੱਤਵਪੂਰਣ ਫੈਸਲਿਆਂ ਦੀ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ 'ਚ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਬੰਦ ਕਰਨ, ਗਾਜ਼ਾ 'ਚੋਂ ਫੌਜਾਂ ਬਾਹਰ ਕੱਢਣ ਅਤੇ ਫ਼ਲਸਤੀਨ, ''ਫ਼ਲਸਤੀਨ ਦੇ ਲੋਕਾਂ ਦਾ, ਨਹੀਂ ਇਜ਼ਰਾਇਲੀ ਅਤੇ ਅਮਰੀਕੀ ਜੋਕਾਂ ਦਾ'' ਆਵਾਜ਼ ਬੁਲੰਦ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਆਦਿਵਾਸੀ ਇਲਾਕਿਆਂ, ਜੰਗਲ, ਜਲ, ਜ਼ਮੀਨ, ਕੁਦਰਤੀ ਸਰੋਤਾਂ ਨੂੰ ਖੋਹਣ ਪਏ ਕਾਰਪੋਰੇਟ ਘਰਾਣਿਆਂ ਦਾ ਡਟਵਾਂ ਵਿਰੋਧ ਕਰਦੇ ਹੋਏ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਕਤਲੇਆਮ ਬੰਦ ਕਰਨ ਦਾ ਮਤਾ ਪਾਸ ਕੀਤਾ ਗਿਆ। ਜੰਮੂ-ਕਸ਼ਮੀਰ ਅਤੇ ਮੁਲਕ ਦੇ ਹੋਰਨਾਂ ਖੇਤਰਾਂ ਅੰਦਰ ਖਾਸ ਕਰਕੇ ਨਾਮਵਰ ਵਿਦਵਾਨਾਂ ਦੀਆਂ 25 ਕਿਤਾਬਾਂ ਉਪਰ ਮੜ੍ਹੀ ਪਾਬੰਦੀ ਦਾ ਵਿਰੋਧ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ। ਭਾਸ਼ਾ, ਲੋਕ ਸਾਹਿਤ ਉਪਰ ਹੱਲੇ ਅਤੇ ਆਧਾਰ ਕਾਰਡਾਂ ਉਪਰੋਂ ਪੰਜਾਬੀ ਬੋਲੀ ਦੀ ਫੱਟੀ ਪੋਚਣ ਦਾ ਵੀ ਜਨਰਲ ਬਾਡੀ ਨੇ ਤਿੱਖਾ ਵਿਰੋਧ ਕੀਤਾ। ਜਨਰਲ ਬਾਡੀ ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਕਮੇਟੀ ਮੈਂਬਰ ਹਾਜ਼ਰ ਸਨ। ਮੀਟਿੰਗ ਦਾ ਆਗਾਜ਼ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਕਾਮਰੇਡ ਗੁਰਦਿਆਲ ਸਿੰਘ ਪਹਾੜਪੁਰ, ਕਾਕੋਰੀ ਕਾਂਢ ਦੇ ਸ਼ਹੀਦਾਂ (9 ਅਗਸਤ 1925), ਕਾਲ਼ਿਆਂ ਵਾਲਾ ਖੂਹ ਦੇ ਸ਼ਹੀਦਾਂ, ਸ਼ਹੀਦ ਊਧਮ ਸਿੰਘ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ ਨੂੰ ਖੜ੍ਹੇ ਹੋ ਕੇ ਸਲਾਮ ਕਰਨ ਨਾਲ ਹੋਇਆ।

# ਮਜ਼ਦੂਰ ਤੋਂ ਅਰਬਪਤੀ ਬਣਨ ਦਾ ਸਫਰ

ਇਹ ਰਿਵਿਊ ਡਾਕਟਰ ਜਗਤਾਰ ਮਿਸਤਰੀ ਜੀ ਦੁਆਰਾ ਕਿਤਾਬ "ਮਜ਼ਦੂਰ ਤੋਂ ਅਰਬਪਤੀ ਬਣਨ ਦਾ ਸਫ਼ਰ" ਬਾਰੇ ਹੈ ਲ ਸ਼ੇਅਰ ਓਪਸ਼ਨ ਨਾ ਹੋਣ ਕਾਰਣ ਕਾਪੀ ਪੇਸਟ ਰਾਹੀਂ ਆਪ ਨਾਲ ਸਾਂਝਾ ਕਰ ਰਿਹਾ ਹਾਂ ਜੀ ਲ ਡਾਕਟਰ ਜਗਤਾਰ ਮਿਸਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਸਮਾਂ ਕੱਢ ਕੇ ਕਿਤਾਬ ਬਰੀਕੀ ਨਾਲ ਪੜ੍ਹੀ ਤੇ ਆਪਣਾ ਕਿਤਾਬ ਬਾਰੇ ਨਜ਼ਰੀਆ ਹੋਰ ਪਾਠਕਾਂ ਨਾਲ ਸਾਂਝਾ ਕੀਤਾ।

ਇਸ ਪੁਸਤਕ ਦੇ ਲੇਖਕ ਅਵਤਾਰ ਤਰਕਸ਼ੀਲ ਬਾਰੇ ਬਹੁਤ ਕੁੱਝ ਸੁਣਿਆਂ ਸੀ ਜਿਸ ਕਾਰਨ ਪੜ੍ਹਣ ਦੀ ਇੱਛਾ ਨਾਲ ਕਿਤਾਬ ਮੰਗਵਾ ਲਈ।

ਇੱਕ ਹੋਰ ਵੱਡਾ ਕਾਰਨ ਸੀ ਉਹਦਾ ਪਿੰਡ ਖੁਰਦਪੁਰ ਸਾਡੇ ਪਿੰਡਾਂ ਲਾਗੇ ਸੀ। ਮਾਰਚ ਮਹੀਨੇ ਦਿੱਲੀ ਜਾਣ ਲੱਗਿਆਂ ਸੋਚਿਆ ਕਿ ਸਫ਼ਰ ਚ ਪੜ੍ਹ ਲਵਾਂਗਾ ਤੇ ਪੜ੍ਹ ਵੀ ਰਿਹਾ ਸੀ ਕਿ ਜਦੋਂ ਚੰਡੀਗੜ੍ਹ ਤੋਂ ਚੱਲੇ ਤਾਂ ਪੜ੍ਹਣ ਚ ਲਿੰਕ ਟੁੱਟਣ ਲੱਗਾ ਤਾਂ ਦੇਖਿਆ ਕਿ ਪੁਸਤਕ ਦੇ ਕੁੱਝ ਪੰਨੇ ਗਾਇਬ ਹਨ। ਮੈਂ ਕੁੱਝ ਹੋਰ ਪੜ੍ਹਣ ਲੱਗ ਪਿਆ ਤੇ ਵਾਪਸ ਆ ਕੇ ਅਵਤਾਰ ਸਿੰਘ ਨੂੰ ਸਾਰੀ ਗੱਲ ਦੱਸੀ। ਸ਼ਾਇਦ ਕੁੱਝ ਪੁਸਤਕਾਂ ਚ ਇਹ ਸਮੱਸਿਆ ਆਈ ਪਰ ਮੈਨੂੰ ਅਵਤਾਰ ਸਿੰਘ ਨੇ ਕਿਤਾਬ ਭਿਜਵਾ ਦਿੱਤੀ। ਹੁਣ ਦੁਬਾਰਾ ਪੜ੍ਹੀ ਹੈ ਕਿਉਂਕਿ ਪਹਿਲਾਂ ਦੋਹਾਂ ਕਿਤਾਬਾਂ ਨੂੰ ਪੜ੍ਹਣ ਚ ਕਾਫੀ ਸਮਾਂ ਪੈ ਗਿਆ ਸੀ। ਕੌਮੀ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਡਾ ਰਾਜਾ ਰਾਮ ਹੰਢਿਆਇਆ ਨੇ ਅਵਤਾਰ ਤਰਕਸ਼ੀਲ ਕੋਲ ਰਹਿ ਕੇ ਸਾਰੀ ਜਾਣਕਾਰੀ ਇਕੱਠ ਕਰ ਕੇ ਬਹੁਤ ਮਿਹਨਤ ਨਾਲ ਇਹ ਪੁਸਤਕ ਲਿਖੀ ਹੈ। ਹੋਰ ਪੰਜਾਬੀਆਂ ਵਾਂਗ ਅਵਤਾਰ ਵੀ ਪੈਸੇ ਕਮਾਉਣ ਲਈ ਟੂਰਿਸਟ ਵੀਜ਼ੇ ਤੇ ਕਿਸੇ ਨਾਲ ਨਿਊਜ਼ੀਲੈਂਡ ਗਿਆ ਜਿਸ ਦਾ ਵੱਡਾ ਕਾਰਨ ਸਾਡੇ ਆਪਣੇ ਮੁਲਕ ਦਾ ਸਿਸਟਮ ਸੀ। ਅਵਤਾਰ ਦਾ ਪਿਤਾ ਸਰਕਾਰੀ ਨੌਕਰੀ ਕਰਦਾ ਸੀ ਤੇ ਨਿਯਮਾਂ ਅਧੀਨ ਉਸ ਨੂੰ ਆਪਣੇ ਪਿਤਾ ਦੀ ਥਾਂ ਨੌਕਰੀ ਮਿਲਣੀ ਚਾਹੀਦੀ ਸੀ ਕਿਉਂਕਿ ਜਦੋਂ ਅਵਤਾਰ ਦੇ ਪਿਤਾ ਦੀ ਮੌਤ ਹੋਈ ਉਦੋਂ ਉਹ ਕੇਵਲ ਢਾਈ ਸਾਲ ਦਾ ਸੀ। ਅਵਤਾਰ ਨੇ ਆਦਮਪੁਰ ਚ ਪ੍ਰਿੰਟਿੰਗ ਪ੍ਰੈੱਸ ਦਾ ਕੰਮ ਕੀਤਾ ਪਰ ਕਿਸੇ ਧਾਰਮਕ ਦਿੱਖ ਵਾਲੇ ਬੰਦੇ ਨੇ ਉਸ ਨਾਲ ਧੋਖਾ ਕੀਤਾ ਜਿਸ ਨਾਲ ਉਹਦੀ ਸੋਚ ਬਹੁਤ ਵੱਡੀ ਤਬਦੀਲੀ ਆਈ ਤੇ ਉਹ ਤਰਕਸ਼ੀਲ ਹੋ ਕੇ ਜੀਣ ਲੱਗਾ। ਵੈਸੇ ਮਜ਼ਦੂਰਾਂ ਨਾਲ ਧੋਖਾ ਹਰ ਥਾਂ ਹੁੰਦਾ ਹੈ ਭਾਵੇਂ ਆਪਣਾ ਮੁਲਕ ਹੋਵੇ ਜਾਂ ਬਿਗਾਨਾ। ਆਪਣੀ ਪ੍ਰਿੰਟਿੰਗ ਪ੍ਰੈੱਸ ਲਈ ਉਸ ਨੂੰ ਕਰਜ਼ਾ ਲੈਣਾ ਪੈਣਾ ਸੀ ਜੋ ਕਿ ਆਮ ਆਦਮੀ ਲਈ ਬਹੁਤ ਜਟਿਲ ਪ੍ਰਕਿਰਿਆ ਹੈ। ਪਰ ਉਹ ਕਾਮਯਾਬ ਹੋ ਜਾਂਦਾ ਹੈ ਅਨੇਕਾਂ ਰੁਕਾਵਟਾਂ ਦੇ ਬਾਵਜੂਦ। ਪਰ ਵਿਦੇਸ਼ ਚ ਡਾਲਰ ਕਮਾਉਣ ਦੀ ਖਿੱਚ ਕਾਰਨ ਉਹ ਆਪਣੇ ਦੋਸਤ ਦੇ ਸੱਦੇ ਤੇ ਨਿਊਜ਼ੀਲੈਂਡ ਚਲਾ ਜਾਂਦਾ ਹੈ ਜਿਹੜਾ ਇੱਥੇ ਹਿੱਲਾਂ ਉਹਦੀ ਦੁਕਾਨ ਚ ਆਪਣਾ ਕੰਮ ਕਰਦਾ ਸੀ। ਉਹਦੇ ਜੀਵਨ ਦਾ ਸੰਘਰਸ਼ ਸ਼ੁਰੂ ਹੋ ਜਾਂਦਾ ਹੈ।

ਵਿਦੇਸ਼ ਜਾ ਕੇ ਆਪਣੇ ਦੇਸ਼ ਦੀ ਯਾਦ ਆਉਂਦੀ ਹੈ ਜਦੋਂ ਫਾਰਮਾਂ ਤੇ ਬਾਗਾਂ ਚ ਕੈਰਾਵੈਨਾਂ ਚ ਰਹਿਣਾ ਪੈਂਦਾ ਹੈ। ਅਵਤਾਰ ਵੱਲੋਂ ਕੀਤਾ ਸੰਘਰਸ਼ ਲੂੰ ਕੰਡੇ ਖੜ੍ਹੇ ਕਰਦਾ ਹੈ। ਕੰਮ ਵੀ ਲਗਾਤਾਰ 14-15 ਘੰਟੇ ਤੇ ਉੱਪਰੋਂ ਠੇਕੇਦਾਰਾਂ ਵੱਲੋਂ ਹੁੰਦੀ ਲੁੱਟ ਬੰਦੇ ਨੂੰ ਤੋੜ ਦਿੰਦੀ ਹੈ। ਪਰਵਾਸ ਸਭ ਤੋਂ ਪਹਿਲਾਂ ਸਵੈ-ਮਾਣ ਤੋੜਦਾ ਹੈ ਤੇ ਬੰਦੇ ਨੂੰ ਜ਼ਲੀਲ ਕਰਦਾ ਹੈ ਪਰ ਫਸਿਆ ਬੰਦਾ ਨਾ ਅੱਗੇ ਨਾ ਪਿੱਛੇ ਜੋਗਾ। ਸਾਰੀ ਪੁਸਤਕ ਚ ਅਵਤਾਰ ਵੱਲੋਂ ਕੀਤੀ ਸਖ਼ਤ ਮਿਹਨਤ ,ਪੁਲੀਸ ਨਾਲ ਲੁਕਣ-ਮੀਚੀ ਤੇ ਆਪਣਿਆਂ ਵੱਲੋਂ ਕੀਤੀ ਲੁੱਟ-ਖਸੁੱਟ ਦਾ ਵਰਨਣ ਹੈ। ਅਵਤਾਰ ਸਿਰਫ ਸਖ਼ਤ ਮੁਸ਼ੱਕਤ ਕਰਨ ਵਾਲਾ ਹੀ ਨਹੀਂ ਸੁਪਨਸਾਜ਼ ਹੈ ਜਿਸ ਕੋਲ ਅਨੇਕਾਂ ਸੁਪਨੇ ਹਨ। ਸਭ ਤੋਂ ਵੱਡਾ ਸੁਪਨਾ




ਪੈਸਾ ਕਮਾ ਕੇ ਉਹ ਤੰਗੀ ਦੂਰ ਕਰਨਾ ਸੀ ਜਿਸ ਦਾ ਸਤਾਇਆ ਉਹ ਆਪਣਾ ਪਰਿਵਾਰ ਛੱਡ ਕੇ ਆਇਆ ਸੀ। ਅਵਤਾਰ 1989 ਚ ਵਿਦੇਸ਼ ਪਹੁੰਚਦਾ ਤੇ ਪਹਿਲੇ ਦਸ ਸਾਲ ਉਸ ਦੇ ਬਹੁਤ ਸਖ਼ਤ ਸੰਘਰਸ਼ ਦੇ ਸਾਲ ਹਨ ਇਨ੍ਹਾਂ ਦਸਾਂ ਸਾਲਾਂ ਉਸ ਦੀ ਮਾਂ ਤੇ ਭਰਾ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ ਪਰ ਉਹ ਕੱਚਾ ਹੋਣ ਕਾਰਨ ਭਾਰਤ ਆ ਨਹੀਂ ਸਕਦਾ ਸੀ। ਇਹ ਪਰਵਾਸ ਦੀ ਕੌੜੀ ਹਕੀਕਤ ਹੈ ਜਿਸ ਲਈ ਸਾਡਾ ਸਿਸਟਮ ਜ਼ਿੰਮੇਵਾਰ ਹੈ ਕਿਉਂਕਿ ਜੇ ਇੱਥੇ ਕੰਮ ਹੋਵੇ ਤਾਂ ਪਰਦੇ ਧੱਕੇ ਨਾ ਖਾਣੇ ਪੈਣ। ਹੌਲੀ ਹੌਲੀ ਉਹ ਤਰੱਕੀ ਦੇ ਰਾਹਾਂ ਤੇ ਤੁਰ ਪੈਂਦਾ ਕਿਉਂਕਿ ਮਿਹਨਤੀ ਹੋਣ ਦੇ ਨਾਲ ਤੱਕ ਉਸ ਕੋਲ ਵਿਜ਼ਿਨ ਵੀ ਹੈ। ਇਸ ਵੇਲੇ ਕਦੀ ਡਾਲਰ ਡਾਲਰ ਗਿਣਨ ਵਾਲਾ ਅਵਤਾਰ ਤਰਕਸ਼ੀਲ ਅਰਬਪਤੀ ਹੈ ਪਰ ਇਸ ਪਿੱਛੇ ਉਸ ਦੀ ਮਿਹਨਤ ਤੇ ਦੂਰ-ਅੰਦੇਸ਼ੀ ਸੀ ਜਿਸ ਨੇ ਉਸ ਨੂੰ ਇੱਕ ਸਫਲ ਕਾਰੋਬਾਰੀ ਵਜੋਂ ਸਥਾਪਿਤ ਕੀਤਾ।

ਅਵਤਾਰ ਸਿਰਫ ਨਾ ਦਾ ਹੀ ਤਰਕਸ਼ੀਲ ਨਹੀਂ ਸਗੋਂ ਸਮੁੱਚੇ ਵਿਵਹਾਰ ਚ ਵੀ ਤਰਕਸ਼ੀਲ ਹੈ। ਇਸ ਸੋਚ ਨੂੰ ਫੈਲਾਉਣ ਤੇ ਪੰਜਾਬੀ ਸਾਹਿਤ ਲੋਕਾਂ ਤੱਕ ਪਹੁੰਚਾਉਣ ਲਈ ਜਿੱਥੇ ਉਸ ਦੇ ਉੱਦਮ ਨਾਲ ਨਿਊਜ਼ੀਲੈਂਡ ਚ ਲਾਇਬ੍ਰੇਰੀਆਂ ਸਥਾਪਿਤ ਹੋਈਆਂ ਉੱਥੇ ਵਿਦਵਾਨਾਂ ਨੂੰ ਬੁਲਾ ਕੇ ਸੈਮੀਨਾਰ ਵੀ ਕਰਵਾਏ। ਇਹ ਨਿਰਸੰਦੇਹ ਇੱਕ ਅਗਾਂਹਵਧੂ ਤੇ ਮਨੁੱਖਤਾ ਦੇ ਭਲੇ ਵਾਲਾ ਕੰਮ ਸੀ। ਇੱਥੇ ਅਵਤਾਰ ਦੱਸਦਾ ਹੈ ਕਿ ਉੱਥੇ ਲੋਕੀਂ ਸਿਰਫ ਕੰਮ ਕਰਨ ਜਾਂਦੇ ਸਨ ਟੂਰਿਸਟ ਵੀਜ਼ਾ ਤਾਂ ਸਿਰਫ ਦਿਖਾਵੇ ਲਈ ਹੈ। ਅਸਲ ਮਕਸਦ ਡਾਲਰ ਕਮਾਉਣਾ ਸੀ ਪਰ ਉੱਥੇ ਬਹੁਤ ਔਖੇ ਸਨ ਤੇ ਉਸ ਅਨੁਸਾਰ ਇੱਥੋਂ ਦੇ ਭਈਆਂ ਨਾਲੋਂ ਵੀ ਮਾੜੇ ਸਨ। ਨਾ ਰਹਿਣ ਦਾ ਪੱਕਾ ਟਿਕਾਣਾ ਨਾ ਕੰਮ ਦਾ ਤੇ ਹਰ ਥੋੜ੍ਹੇ ਸਮੇਂ ਬਾਅਦ ਕੰਮ ਲੱਭਣਾ ਪੈਂਦਾ ਸੀ। ਅਵਤਾਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਚੋਂ ਲੰਘ ਕੇ ਵੀ ਤਰੱਕੀ ਕਰ ਗਿਆ ਜਿਸ ਦਾ ਵੱਡਾ ਕਾਰਨ ਉਸ ਦਾ ਮਿਹਨਤੀ ਤੇ ਈਮਾਨਦਾਰ ਹੋਣਾ ਹੈ। ਉਹਦੇ ਕੰਮ ਦੀ ਕਦਰ ਕਰਦਿਆਂ ਹੀ ਉਸ ਦੀ ਕੰਪਨੀ ਉਸ ਨੂੰ ਇੰਡੀਆ ਤੋਂ ਵਾਪਿਸ ਨਿਊਜ਼ੀਲੈਂਡ ਵਾਪਸ ਮੰਗਾਉਣ ਚ ਮੱਦਦ ਕਰਦੀ ਹੈ ਜਦੋ ਓਵਰਸਟੇਅ ਹੋਣ ਕਾਰਨ ਪੁਲੀਸ ਦੁਆਰਾ ਪਕੜੇ ਜਾਣ ਤੇ ਡਿਪੋਰਟ ਹੋ ਕੇ ਇੰਡੀਆ ਆ ਜਾਂਦਾ ਹੈ।

ਅਵਤਾਰ ਕੋਲ ਜ਼ਿੰਦਗੀ ਦਾ ਬਹੁਤ ਤਜਰਬਾ ਹੈ ਜਿਸ ਤੋਂ ਹੋਰ ਲੋਕ ਅਗਵਾਈ ਲੈ ਸਕਦੇ ਹਨ। ਰਿਚ ਡੈਡ ਪੂਅਰ ਡੈਡ ਵਰਗੀਆਂ ਪੁਸਤਕਾਂ ਪੜ੍ਹ ਕੇ ਉਸ ਦੇ ਗਿਆਨ ਚ ਵਾਧਾ ਹੁੰਦਾ ਹੈ ਜਿਸ ਨਾਲ ਉਹ ਆਪਣਾ ਕਾਰੋਬਾਰ ਖੜ੍ਹਾ ਕਰ ਲੈਂਦਾ ਹੈ। ਇਹ ਪੁਸਤਕ ਉਸ ਦੇ ਕਾਰੋਬਾਰ ਚ ਸਫਲ ਹੋਣ ਦੀ ਯਥਾਰਥਕ ਕਹਾਣੀ ਹੈ। ਅੱਜ ਉਹ ਖੁਦ ਆਪਣੀ ਅਮੀਰੀ ਨੂੰ ਮੰਨਦਾ ਹੈ ਤੇ ਨਿਊਜ਼ੀਲੈਂਡ ਚ ਲੋੜਵੰਦ ਪੰਜਾਬੀਆਂ ਦੀ ਮੱਦਦ ਵੀ ਕਰਦਾ ਹੈ। ਪੰਜਾਬ ਨੂੰ ਆਪਣੇ ਇਸ ਹੋਣਹਾਰ ਪੁੱਤਰ ਤੇ ਮਾਣ ਹੈ। ਅੰਤ ਚ ਧੰਨਵਾਦ ਕਰਨਾ ਬਣਦਾ ਹੈ ਡਾ ਰਾਜਾ ਰਾਮ ਜੀ ਦਾ ਜਿਨ੍ਹਾਂ ਨੇ ਅਵਤਾਰ ਤਰਕਸ਼ੀਲ ਦੀ ਜੀਵਨ ਕਹਾਣੀ ਪੰਜਾਬੀਆਂ ਤੱਕ ਪਹੁੰਚਾਈ ਹੈ ਜਿਸ ਤੋਂ ਆਸ ਹੈ ਨਵੀਂ ਪੀੜ੍ਹੀ ਅਗਵਾਈ ਲੈ ਸਕੇਗੀ।

**ਡਾ ਜਗਤਾਰ ਮਿਸਤਰੀ**

# ਨਕਲੀ ਵੋਟਾਂ ਨੇ ਭਰਿਆ ਲੋਟਾ

ਨਕਲੀ ਵੋਟਾਂ ਨੇ ਭਰਿਆ ਲੋਟਾ, ਮਿੰਟੋ-ਮਿੰਟੀ ਅੱਡ ਹੁੰਦੇ, ਮਿੰਟਾਂ ਵਿੱਚ ਹੀ ਹੁੰਦੇ ਕੱਲੀ-ਜੋਟਾ। ਕਿਹੋ ਜਿਹਾ ਜ਼ਮਾਨਾ ਆਇਆ ਖੋਟਾ, ਕੁਰਸੀਆਂ ਦੀ ਲੜਾਈ ਪਿੱਛੇ ਕੁਝ ਵੀ ਕਰ ਸਕਦੇ ਹਨ । ਜਿਨ੍ਹਾਂ ਨਾਲ ਇੱਟ ਕੁੱਤੇ ਦਾ ਵੈਰ ਹੁੰਦਾ ਹੈ, ਕੁਰਸੀ ਦੀ ਚੌਧਰ ਲਈ ਫਟਾਫਟ ਸੰਧੀ ਹੋ ਜਾਂਦੀ ਹੈ। ਨਾ ਕਾਹੂੰ ਸੇ ਦੋਸਤੀ, ਕਿਸੇ ਨਾਲ ਨ੍ਹੀਂ ਪਿਆਰ। ਰੱਬਾ ਸਾਨੂੰ ਬਚਾ ਲੈ, ਪੈਂਦੀ ਹੈ ਦੂਹਰੀ ਮਾਰ।

ਇਸ ਸੰਬੰਧ ਵਿੱਚ ਮਹਾਰਾਸ਼ਟਰ ਅਤੇ ਬਿਹਾਰ ਦੇ ਸੂਬੇ ਧਿਆਨਗੋਚਰ ਹਨ। ਪੱਤ੍ਰਿਕਾ ਲਲਕਾਰ ਮੁਤਾਬਿਕ ਚੋਣ ਕਮਿਸ਼ਨ ਨੇ ਇਕ ਅਗਸਤ ਨੂੰ, ਬਿਹਾਰ ਵਿੱਚ 65 ਲੱਖ ਵੋਟਾਂ ਦਾ ਭਾਜਪਾ ਨੂੰ ਫਾਇਦਾ ਪਹਿਚਾਣ ਲਈ ਪਹਿਲਾਂ ਡਿਜੀਟਲ ਸੂਚੀ ਪਾਈ ਸੀ। ਜਦੋਂ ਸ਼ੋਰ ਪੈਣ ਲੱਗਿਆ ਤਾਂ ਆਪਣੀ ਵੈੱਬਸਈਟ ਤੋਂ ਡਿਜੀਟਲ ਸੂਚੀ ਨੂੰ ਹਟਾ ਕੇ ਸਕੈਨ ਸੂਚੀ ਪਾ ਦਿੱਤੀ, ਜਿਸ ਦਾ ਮੁਤਾਲਿਆ ਕਰਨਾ ਬਹੁਤ ਔਖਾ ਹੁੰਦਾ ਹੈ। ਪੱਪੂ ਬੜਾ ਖਰਾਬ ਹੈ, ਉਸ ਵਰਗੇ ਲੋਕ ਕਿਤੋਂ ਨਾ ਕਿਤੋਂ ਅਜਿਹੀਆਂ ਕਰਤੂਤਾਂ ਦਾ ਖੁਰਾ-ਖੋਜ ਕੱਢ ਹੀ ਲਿਆਉਂਦੇ ਹਨ। ਮੋਦੀ ਸਾਹਿਬ ਨੂੰ ਫਿਕਰ ਹੈ ਕਿ ਇਹ ਉੱਲੂ, ਮੇਰਾ ਤਖਤਾ ਹੀ ਨਾ ਪਲਟਵਾ ਦੇਵੇ। ਸੱਚ ਕਿਸੇ ਨੂੰ ਨ੍ਹੀਂ ਬਖਸ਼ਦਾ। ਕਈ ਕੇਸਾਂ ਵਿੱਚ ਤਾਂ ਘਰ ਦੇ ਸਿਰਫ ਚਾਰ ਮੈਂਬਰ ਹਨ, ਪਰ ਘਰ ਦੇ ਮੁਖੀਏ ਨੇ ਰਿਪੋਰਟ ਕੀਤੀ ਹੈ ਕਿ ਇੱਥੇ ਅੱਸੀ ਵੋਟਾਂ ਬਣੀਆਂ ਹੋਈਆਂ ਹਨ, ਜਿਹੜੀਆਂ ਸਾਡੇ ਗਿਆਨ ਤੋਂ ਬਾਹਰ ਹਨ। ਰਾਹੁਲ ਗਾਂਧੀ ਤਾਂ ਕਹਿੰਦਾ ਹੈ, ਪੂਰੇ ਦੇਸ਼ ਵਿੱਚ ਹੀ ਘਾਲ਼ਾ-ਮਾਲ਼ਾ ਹੈ। ਰਾਜਸੀ ਤਾਕਤਾਂ, ਕਿਤੇ ਵੀ ਹੋਣ, ਜਦੋਂ ਇਨ੍ਹਾਂ ਵਿੱਚ ਸਥਿਰਤਾ ਆ ਜਾਂਦੀ ਹੈ, ਫਿਰ ਪੈਸਾ ਇਕੱਠਾ ਕਰਨ ਦੀ ਹੋੜ ਲੱਗੀ ਰਹਿੰਦੀ ਹੈ। ਇਸ ਤਾਣੇ ਬਾਣੇ ਵਿੱਚ ਉਲਝ ਕੇ, ਅੰਦਰਖਾਤੇ, ਇਹ ਕੁਝ ਵੀ ਕਰ ਸਕਦੇ ਹਨ। ਅੱਜ ਕੱਲ ਦਾ ਆਧੁਨਿਕ ਤਕਨੀਕੀ ਢਾਂਚਾ, ਸਾਰਾ ਸੱਚ ਸਾਹਮਣੇ ਲਿਆ ਧਰਦਾ ਹੈ, ਫਿਰ ਗਲਤੀਆਂ ਕਰਨ ਵਾਲਾ ਜਾਣੇ ਜਾਂ ਉਹਦਾ ਰੱਬ ਜਾਣੇ।





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ।**
**ਫੋਨ ਨੰਬਰ : 9878469639**

# ਮਨੁੱਖ ਅੰਦਰੋਂ ਗੁਆਚ ਰਹੀ ਸਹਿਜਤਾ ਦਾ ਕਾਵਿਕ ਬਿਰਤਾਂਤ: ਇਸ ਧਰਤੀ 'ਤੇ ਰਹਿੰਦਿਆਂ

ਅਮਰਜੀਤ ਕੌਂਕੇ ਇੱਕ ਸੰਵੇਦਨਸ਼ੀਲ ਕਵੀ ਹੈ। ਉਸ ਦੀ ਸੰਵੇਦਨਾ ਦੀ ਝਲਕ ਉਸ ਦੇ ਨਵ ਪ੍ਰਕਾਸ਼ਿਤ ਕਾਵਿ-ਸੰਗ੍ਰਹਿ ਦੀ ਹਰ ਕਵਿਤਾ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਕਵੀ ਆਪਣੇ ਇਤਿਹਾਸ, ਮਿਥਿਹਾਸ ਦੇ ਨਾਲ਼-ਨਾਲ਼ ਵਰਤਮਾਨ ਵਿੱਚ ਘਟ ਰਹੇ ਵਰਤਾਰਿਆਂ ਤੇ ਕੜੀ ਨਜ਼ਰ ਰੱਖਦਾ ਹੈ ਅਤੇ ਭਵਿੱਖੀ ਧੁੰਦਲਕਿਆਂ ਨੂੰ ਵੀ ਚੇਤਨ ਸੂਝ ਨਾਲ਼ ਨਿਹਾਰਦਾ ਹੈ। ਉਸਨੂੰ ਇਲਮ ਹੈ ਕਿ ਜਦੋਂ ਕਿਸੇ ਸਮਾਜ ਵਿੱਚੋਂ ਸੱਭਿਅਤਾ ਦੇ ਅੰਸ਼ ਰੇਤ ਦੇ ਕਣਾਂ ਵਾਂਗ ਸਮਾਜਿਕ ਬੋਧ ਵਿੱਚੋਂ ਕਿਰਨੇ ਸ਼ੁਰੂ ਹੋ ਜਾਣ ਤਾਂ ਜੀਵਨ ਧਰਤੀ 'ਤੇ ਸਹਿਜ ਅਵਸਥਾ ਵਿੱਚ ਪਨਪ ਨਹੀਂ ਸਕਦਾ। ਇਨਸਾਨੀਅਤ ਦਾ ਮਰਨਾ, ਲੋਕ ਜੀਵਨ ਵਿੱਚੋਂ ਸੱਭਿਆਚਾਰ, ਸੰਸਕ੍ਰਿਤੀ ਦਾ ਮਨਫੀ ਹੋਣਾ, ਮਿਥਾਂ ਦਾ ਮਾਨਵੀ ਮਸਤਕ ਦੀਆਂ ਤੈਹਾਂ ਹੇਠ ਦਫ਼ਨ ਹੋ ਜਾਣਾ, ਕਿਸੇ ਅਣ-ਚਿਤਵੇ ਜੀਵਨ ਮੁੱਲਾਂ ਦੀ ਤਾਦਾਦ ਨੂੰ ਵਧਾਉਂਦਾ ਹੈ। ਕਵੀ ਦੀ ਤੀਸਰੀ ਅੱਖ ਇਸ ਵਰਤਾਰੇ ਨੂੰ ਦੇਖਦੀ ਵੀ ਹੈ ਅਤੇ ਮਹਿਸੂਸ ਵੀ ਕਰਦੀ ਹੈ। ਉਹ ਲਿਖਦਾ ਹੈ:-

ਇਸ ਮਹਾਨ ਦੇਸ਼ ਦੇ
ਸੱਭਿਆਚਾਰ ਦੀਆਂ
ਸੰਸਕ੍ਰਿਤੀ ਦੀਆਂ
ਮਰ ਚੁੱਕੀ ਇਨਸਾਨੀਅਤ
ਬੇਜਾਨ ਹੋਈ ਸੰਵੇਦਨਾ
ਇਤਿਹਾਸ ਮਿਥਿਹਾਸ ਦੀਆਂ
ਅਣਗਿਣਤ ਲਾਸ਼ਾਂ ਨੇ
ਉਸ ਦੇ ਮੋਢਿਆਂ ਤੇ,,,

ਕੁਦਰਤ ਦਾ ਨਿਯਮ ਹੈ ਦੱਬਿਆ ਜੀਵਨ ਰੂਪੀ ਬੀਜ ਧਰਤੀ ਵਿੱਚੋਂ ਪੁੰਗਰਦਾ ਹੀ ਹੈ। ਔੜਾਂ, ਸੋਕੇ, ਝੱਲਣ ਤੋਂ ਬਾਅਦ ਜਿਉਂ ਹੀ ਇਸ ਨੂੰ ਸਿੱਲ੍ਹ ਮਿਲੀ ਇਹ ਪੁੰਗਰਨਾ ਸ਼ੁਰੂ ਹੋ ਜਾਂਦਾ ਹੈ। ਕੁਦਰਤ ਦਾ ਇਹ ਨਿਯਮ ਮਨੁੱਖੀ ਜ਼ਿੰਦਗੀ ਦੇ ਵੀ ਹੂ-ਬ-ਹੂ ਲਾਗੂ ਹੁੰਦਾ ਹੈ। ਦੁਨੀਆਂ ਦੇ ਹਰ ਕੋਨੇ ਵਿੱਚ ਜੀਵਨ ਬਤੀਤ ਕਰਦੇ ਔਰਤ ਤੇ ਮਰਦ ਕਿਤੇ ਬੰਦ ਸਮਾਜਾਂ ਵਿੱਚ ਜਿਉਂਦੇ ਹਨ, ਕਿਤੇ ਖੁੱਲ੍ਹੇ ਸਮਾਜਾਂ ਵਿੱਚ। ਖੁੱਲੇ ਸਮਾਜ ਔਰਤ ਅਤੇ ਮਰਦ ਨੂੰ ਸੁਤੰਤਰ ਤੇ ਬਰਾਬਰ ਜਿਉਂਣ ਦੇ ਅਵਸਰ ਪ੍ਰਦਾਨ ਕਰਦੇ ਹਨ ਅਤੇ ਬੰਦ ਸਮਾਜ ਸੁਤੰਤਰ ਜੀਵਨ ਦੀ ਥਾਂ ਬੰਦਸ਼ਾਂ ਅਧੀਨ ਜਿਉਂਣ ਦੇ ਹਾਮੀ ਹਨ। ਖ਼ਾਸ ਕਰ ਭਾਰਤ ਵਰਗੇ ਮੁਲਕਾਂ ਵਿੱਚ ਜਿੱਥੇ ਸਮਾਜਿਕ ਅਤੇ ਆਰਥਿਕ ਸੱਤਾ ਤੇ ਮਰਦ ਦੀ ਆਜਰੇਦਾਰੀ ਹੈ । ਔਰਤ ਨੂੰ ਬੰਦਿਸ਼ਾਂ ਅਧੀਨ ਜੀਵਨ ਜਿਉਂਣ ਲਈ ਮਜਬੂਰ ਕੀਤਾ ਜਾਂਦਾ ਹੈ। ਸਦੀਆਂ ਤੋਂ ਔਰਤ ਨੂੰ ਗ਼ੁਲਾਮ ਅਵਸਥਾ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਰਿਹਾ ਹੈ ।ਅਮਰਜੀਤ ਕੌਂਕੇ ਤੋਂ ਪਹਿਲਾਂ ਦੇ ਲੇਖਕਾਂ ਨੇ ਵੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਅਮਰਜੀਤ ਕੌਂਕੇ ਔਰਤ ਦੀ ਜਲਾਲਤ ਭਰੀ ਜ਼ਿੰਦਗੀ 'ਤੇ ਵਿਰਾਮ ਚਿੰਨ੍ਹ ਲਗਾ ਕੇ ਉਸ ਦੇ ਅੰਦਰ ਕਬਰਾਂ ਵਰਗੀ ਚੁੱਪ ਨੂੰ ਤੋੜਦਾ ਹੈ ।ਜਿਸ ਵਿੱਚੋਂ ਪਰਿੰਦਿਆਂ ਵਰਗੇ ਸੁਪਨੇ ਬਾਹਰ ਨਿਕਲ ਸੁਤੰਤਰ ਫਿਜ਼ਾ ਵਿੱਚ ਅਟਕੇਲੀਆਂ ਕਰ ਆਪਣੇ ਹਿੱਸੇ ਦੀ ਜਮੀਨ ਹਾਸਲ ਕਰਨ। ਕਵੀ ਲਿਖਦਾ ਹੈ :-

ਹੁਣ ਉਹ ਕਬਰ ਪਾਟ ਰਹੀ
ਤੇ ਉਸ ਦੇ ਸੁਪਨਿਆਂ ਦੇ
ਪਰਿੰਦੇ
ਤਿਤਲੀਆਂ ਰੰਗ ਬਰੰਗੀਆਂ
ਇਕਦਮ ਉੱਡ ਕੇ
ਅਸਮਾਨ ਵਿੱਚ
ਫੈਲ ਗਈਆਂ ਨੇ,,,

ਕਵੀ ਦੀ ਸੰਵੇਦਨਾ ਛਲਾਵਿਆਂ ਦੀ ਰੁੱਤ ਨੂੰ ਪਛਾਣ ਦੀ ਹੈ। ਅੱਜ ਦੀ ਚਮਕ ਦਮਕ ਵਾਲ਼ੀ ਬਨਾਵਟੀ ਜ਼ਿੰਦਗੀ ਦੇ ਪ੍ਰਭਾਵ ਮੁਲਕ ਅੰਸ਼ਾਂ ਨੂੰ ਉਹ ਵਿਸ਼ਵੀਕਰਨ ਦੇ ਅਜਗਰ ਰੂਪੀ ਦੈਂਤ ਦੇ ਰੂਪ ਵਿੱਚ ਦੇਖਦਾ ਵੀ ਹੈ ਅਤੇ ਉਸ ਅਜਗਰ ਦੇ ਸੁਭਾਅ ਦੀਆਂ ਖ਼ਾਸੀਅਤਾਂ ਨੂੰ ਪਛਾਣਦਾ ਵੀ ਹੈ। ਇਹ ਉਹ ਅਜਗਰ ਹੈ ਜਿਸ ਦੇ ਢਿੱਡ ਅੰਦਰ ਸਾਡੇ ਜਿਉਂਣ ਦੇ ਸਭ ਆਸੇ ਸਮਾ ਜਾਣਗੇ। ਸਾਡਾ ਹੱਸਣਾ, ਰੋਣਾ, ਸੋਚਣਾ, ਇਹ ਅਜਗਰ ਦੇ ਨਾਗਵਲ ਦੀ ਇੱਛਾ ਅਨੁਸਾਰ ਹੋਵੇਗਾ। ਸਾਡੀ ਸਭਿਅਤਾ ਦੀਆਂ ਕਦਰਾਂ ਕੀਮਤਾਂ ਇਸ ਅਜਗਰ ਦੀ ਸੋਚ ਅਧੀਨ ਹੋਣਗੀਆਂ। ਸਾਡੇ ਧਾਰਮਿਕ ਸਥਾਨਾਂ ਦੇ ਮਨੋਰਥ ਇਹ ਅਜਗਰ ਹੀ ਤੈਅ ਕਰੇਗਾ। ਬੰਦੇ ਦਾ ਸੰਵੇਦਨਸ਼ੀਲ ਹੋਣਾ, ਨੈਤਿਕ ਮੁੱਲਾਂ ਦਾ ਧਾਰਨੀ ਹੋਣਾ ਜਾਂ ਨਾ ਹੋਣਾ ਵੀ ਇਸ ਅਜਗਰ ਦੀ ਇੱਛਾ ਆਧਾਰ ਹੀ ਹੋਵੇਗਾ। ਇਸ ਅਜਗਰ ਦੀ ਭੁੱਖ ਏਨੀ ਵਿਕਰਾਲ ਹੈ ਕਿ ਇੱਕ ਰੋੜ ਤੋਂ ਲੈ ਕੇ ਬੰਦੇ ਦੀ ਹੋਂਦ ਸਮੇਤ ਪਹਾੜ ਤੱਕ ਇਸਦੇ ਢਿੱਡ ਵਿੱਚ ਸਮਾ ਸਕਦੇ ਹਨ ।ਇਸ ਅਜਗਰ ਦੀ ਭੁੱਖ ਦੇ ਸੁਭਾਅ ਨੂੰ ਬੋਰਵੈਲ ਵਿੱਚ ਫਸੇ ਬੱਚੇ ਦੀ ਲਾਸ਼ ਸਪਸ਼ਟ ਕਰਦੀ ਹੈ। ਕਵੀ ਨੇ ਲਿਖਿਆ ਹੈ:-

ਇਹ ਸਿਰਫ਼ ਬੱਚਾ ਨਹੀਂ ਇਕ
ਸਾਡੀ ਮਰ ਚੁੱਕੀ ਜ਼ਮੀਰ ਹੈ
ਪਾਇਪ ਵਿੱਚ
ਇੱਕ ਮਾਸੂਮ ਦੀ ਨਹੀਂ
ਸਾਡੀ ਨੈਤਿਕਤਾ ਦੀ
ਲਾਸ ਫਸੀ ਹੈ,,,

ਵਿਸ਼ਵੀ ਪ੍ਰਭਾਵ ਨੇ ਇਨਸਾਨੀ ਸੁਭਾਅ ਦੀ ਪ੍ਰਵਿਰਤੀ ਹੀ ਬਦਲ ਦਿੱਤੀ ਹੈ। ਅੱਜ ਇਨਸਾਨ ਦੀ ਇਨਸਾਨੀਅਤ ਦਮ ਤੋੜਨ ਕਿਨਾਰੇ ਹੈ। ਬੰਦੇ ਦੀ




ਖ਼ੁਦਗਰਜ਼ੀ ਅਜਿਹੀ ਚਰਮ ਸੀਮਾ ਤੱਕ ਪਹੁੰਚ ਗਈ ਹੈ ਕਿ ਇਨਸਾਨ ਨੇ ਦੂਸਰੇ ਜੀਵਾਂ ਦਾ ਨਾਮੋ ਨਿਸ਼ਾਨ ਤਾਂ ਇਸ ਧਰਤੀ ਤੋਂ ਮਿਟਾਉਣਾ ਹੀ ਸੀ ਪਰ ਇਹ ਤਾਂ ਆਪਣੇ ਹਮਰੂਪ ਦਾ ਹੀ ਇਸ ਧਰਤੀ ਤੋਂ ਖੁਰਾ ਖੋਜ ਮਿਟ-ਾਉਣ ਲਈ ਤਤਪਰ ਹੋ ਗਿਆ ਹੈ। ਸਦੀਆਂ ਦੇ ਅੰਤਰਾਲ ਚ ਧਾਰਨ ਕੀਤੀ ਇਨਸਾਨੀਅਤ ਦੇ ਸਬਕ ਦੀ ਪ੍ਰਵਿਰਤੀ ਭਾਰਤ ਦੀ ਧਰਤੀ ਤੋਂ ਖ਼ਤਮ ਹੋ ਰਹੀ ਹੈ। ਭਾਰਤੀ ਸੰਸਕ੍ਰਿਤੀ, ਸਭਿਅਤਾ ਜੋ ਦੁਨੀਆ ਵਿੱਚ ਇੱਕ ਵਿਲੱਖਣ ਸਥਾਨ ਰੱਖਦੀ ਹੈ। ਉਹ ਦਮ ਤੋੜਨ ਕਿਨਾਰੇ ਹੈ। ਪੁਸਤਕ ਦੀ " ਵਿਰਲਾਪ " ਕਵਿਤਾ ਇਨਸਾਨ ਅੰਦਰੋਂ ਇਨਸਾਨੀਅਤ ਦੇ ਮਨਫੀ ਹੋਣ ਦਾ ਇਸ਼ਾਰਾ ਹੀ ਹੈ। ਕਵੀ ਦੀ ਸਮ੍ਰਿਤੀ ਅੰਦਰ ਇਸ ਪ੍ਰਵਿਰਤੀ ਦੇ ਖ਼ਤਮ ਹੋਣ ਦਾ ਗਹਿਰਾ ਦੁੱਖ ਹੈ:-

ਇਹੀ ਦੇਸ਼ ਸੀ ਕੀ
ਬੁੱਧ ਦਾ
ਮਹਾਂਵੀਰ ਦਾ
ਕ੍ਰਿਸ਼ਨ ਦਾ
ਰਾਮ ਦਾ
ਨਾਨਕ ਦਾ
ਉਸ ਦੇ ਅੰਦਰ ਬੈਠੀ
ਆਤਮਾ ਨੇ ਪਲ ਭਰ ਲਈ
ਪੁੱਛਿਆ ਤਾਂ ਹੋਵੇਗਾ ਜ਼ਰੂਰ ,,,

ਕਵੀ ਦੀ ਕਲਪਨਾ ਬਹੁਤ ਵੱਡੀ ਹੈ। ਵਰਤਮਾਨ ਵਿੱਚੋਂ ਭਵਿੱਖੀ ਕਿਆਸਅਰਾਈਆਂ ਲਾਉਣ ਦੀ ਚੇਤਨਾ ਕਵੀ ਕੋਲ਼ ਹੀ ਹੁੰਦੀ ਹੈ। ਕੌਂਕੇ ਸੰਵੇਦਨਾ ਦੀ ਸੰਵੇਦਨਾ ਏਨੀ ਵਿਆਪਕ ਹੈ ਕਿ ਉਹ ਵਕਤ ਦੇ ਸਮਕਾਲ ਵਿੱਚੋਂ ਭਵਿੱਖ ਵਿੱਚ ਘਟਤ ਹੋਣ ਵਾਲ਼ੇ ਵਰਤਾਰਿਆਂ ਨੂੰ ਸਹਿਜ ਰੂਪ ਵਿੱਚ ਮਹਿਸੂਸ ਕਰਦਾ ਹੈ। ਉਸ ਦੀ ਕਵਿਤਾ ਇੱਕ "ਖੰਡਰ ਸ਼ਹਿਰ ਦੀ ਗਾਥਾ " ਵਿੱਚ ਅਜਿਹੀ ਹੀ ਭਵਿੱਖੀ ਸੱਚਾਈ ਦਾ ਵਿਖਿਆਨ ਹੈ। ਕਵਿਤਾ ਵਿੱਚ ਟਰਿਪ ਦਾ ਗਾਈਡ ਉਸ ਦਾ ਚੇਤਨ ਮਨ ਹੈ ਜੋ ਇਕ ਬਿਰਤਾਂਤ ਜਰੀਏ ਮਨੁੱਖ ਦੁਆਰਾ ਪੈਦਾ ਕੀਤੀ ਵਿਨਾਸ਼ਕਾਰੀ ਸਥਿਤੀ ਪੇਸ਼ ਕਰਦਾ ਹੈ। ਇਹ ਸਥਿਤੀ ਅੱਜ ਦੀ ਸਥਿਤੀ ਹੈ ਕਵਿਤਾ ਦਾ ਸੰਸਾਰ ਆਉਣ ਵਾਲ਼ੇ ਭਵਿੱਖ ਨਾਲ਼ ਸਬੰਧਿਤ ਹੈ ।ਮਨੁੱਖ ਦੁਆਰਾ ਪੈਦਾ ਕੀਤੀ ਵਿਨਾਸ਼ਕਾਰੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਉਹ ਲਿਖਦਾ ਹੈ:-

ਬੱਚਿਓ!
ਇਹ ਜੋ ਅੱਜ ਦੂਰ ਦੂਰ ਤੱਕ
ਮਾਰੂਥਲ ਦਿਸਦਾ ਹੈ
ਇਹ ਜੋ ਖੰਡਰ ਹੋਇਆ ਸ਼ਹਿਰ ਹੈ
ਆਕਾਸ਼ ਤੇ ਚੜ੍ਹੀ ਹੋਈ ਗਹਿਰ ਹੈ
ਇੱਥੇ ਕਦੇ
ਘੋਗ ਵੱਸਦਾ ਪੰਜਾਬ ਹੁੰਦਾ ਸੀ,,,

ਮਨੁੱਖ ਦੇ ਅੰਦਰੋਂ ਸੰਵੇਦਨਾ ਦੇ ਦਮ ਤੋੜ ਜਾਣ ਕਾਰਨ, ਦੂਸਰੇ ਦੀ ਪੀੜ ਮਹਿਸੂਸ ਨਹੀਂ ਹੁੰਦੀ। ਮਨੁੱਖ ਦੀ ਸੋਚ ਅੰਦਰ ਅਹਿਮ ਤਬਦੀਲੀਆਂ ਵਾਪਰ ਰਹੀਆਂ ਹਨ। ਮਾਨਵੀ ਸਰੋਕਾਰਾਂ ਦੀ ਅਣਹੋਂਦ ਨਿੱਜਵਾਦ ਨੂੰ ਮਾਨਵੀ ਸੋਚ ਤੇ ਭਾਰੂ ਪਾਰ ਰਹੀ ਹੈ। ਭਾਵੇਂ ਦਿੱਖ ਦੇ ਪੱਧਰ ਤੇ ਮਨੁੱਖ ਦੀ ਸੋਚ ਵਿਸਤ੍ਰਿਤ ਅਤੇ ਅਖੌਤੀ ਵਿਕਸਿਤ ਹੋਈ ਦਿਸਦੀ ਹੈ ਜਿਸ ਦੀ ਹੈ ਅਤੇ ਵਿਗਿਆਨਿਕ ਦ੍ਰਿਸ਼ਟੀ ਦਾ ਪਸਾਰ ਹੋਇਆ ਮਿਲਦਾ ਹੈ ਪਰ ਨਾਲ਼ ਹੀ ਪਦਾਰਥਵਾਦੀ ਸੋਚ ਪਨਪਣ ਕਾਰਨ ਮਨੁੱਖ ਅੰਦਰਲਾ ਪਿਆਰ ਤੇ ਖਲੂਸ ਵੀ ਖ਼ਤਮ ਹੋਇਆ ਹੈ ਮਨੁੱਖ ਨੇ ਵਿਆਪਕ ਮਸ਼ੀਨੀ ਜੰਤਰ ਸਿਰਜ ਕੇ ਜੀਵਨ ਦੇ ਵਿਕਾਸ ਦੀ ਗਤੀ ਤਾਂ ਤੇਜ ਕਰ ਦਿੱਤੀ ਪਰ ਖ਼ੁਦ ਇਸ ਅਸਾਵੇ ਤੇਜ ਵਿਕਾਸ ਵਿੱਚ ਖਿੰਡ ਗਿਆ ਹੈ। ਪੈਸਾ ਕੇਂਦਰਿਤ ਵਿਵਸਥਾ ਕਾਰਨ ਵਿਅਕਤੀਵਾਦੀ ਰੁਚੀਆਂ ਦਾ ਸ਼ਿਕਾਰ ਹੋ ਗਿਆ ਹੈ। ਇਥੇ ਕਵੀ ਇਹ ਤਬਦੀਲੀ ਨੂੰ ਸੁਹਿਰਦਤਾ ਨਾਲ਼ ਮਹਿਸੂਸ ਕਰਦਾ ਹੈ ਤੇ ਇਸ ਯਥਾਰਥ ਤੋਂ ਪਰਦਾ ਚੁੱਕਦਾ ਹੈ ਕਿ ਮਨੁੱਖ ਆਪਣੇ ਨੇੜਲਿਆਂ ਦੇ ਦਰਦ ਨੂੰ ਮਹਿਸੂਸ ਨਹੀਂ ਕਰਦੇ:-

ਬਹੁਤ ਰਹੇ
ਨਜ਼ਦੀਕ ਲੋਕ
ਪਰ ਕੋਈ ਨਹੀਂ
ਪਛਾਣ ਸਕਿਆ
ਲਤੀਫਿਆਂ ਦੇ ਓਹਲੇ
ਛੁਪਿਆ ਹੋਇਆ ਦਰਦ
ਨਹੀਂ ਸਮਝ ਸਕਿਆ ਕੋਈ
ਤਿੜਕੇ ਹੋਏ ਮਨ ਦਾ ਇਤਿਹਾਸ,,,

ਭਾਵੇਂ ਅੱਜ ਦਾ ਮਨੁੱਖ ਸਥਿਤੀਆਂ, ਪ੍ਰਸਥਿਤੀਆਂ ਦੇ ਸਮਵਿੱਥ ਬਹੁਤ ਬਦਲ ਗਿਆ ਹੈ। ਇਨਸਾਨੀ ਕਿਰਦਾਰ ਦੀਆਂ ਬਹੁਤ ਸਾਰੀਆਂ ਖਾਸੀਅਤਾਂ ਇਸ ਦੇ ਕਿਰਦਾਰ ਵਿੱਚੋਂ ਲੁਪਤ ਹੋ ਗਈਆਂ ਹਨ। ਪਰ ਪਰਿਵਰਤਨ ਦੇ ਅਮਲ ਦੌਰਾਨ ਸਾਰਾ ਕੁਝ ਹੀ ਤਬਦੀਲ ਨਹੀਂ ਹੋ ਜਾਂਦਾ ,ਪੁਰਾਤਨਤਾ ਦੇ ਕੁਝ ਨਾ ਕੁਝ ਅੰਸ਼ ਮਾਤਰ ਉਸਦੇ ਸੁਭਾਅ ਅੰਦਰ ਪਿਆ ਰਹਿੰਦਾ ਹਨ, ਜੋ ਉਸਨੂੰ ਆਪਣੇ ਪਿਛੋਕੜ ਨਾਲ਼ ਜੋੜੀ ਰੱਖਦੇ ਹਨ ।ਵਿਸ਼ਵੀ ਪ੍ਰਭਾਵ ਨੇ ਮਨੁੱਖ ਨੂੰ ਭਾਵੇਂ ਅਣਕਿਆਸਿਆ ਪ੍ਰਭਾਵਿਤ ਕੀਤਾ ਹੈ ਪਰ ਫਿਰ ਵੀ ਉਸਦਾ ਮੂਲ ਕਿਵੇਂ ਨਾ ਕਿਵੇਂ ਉਸਦੇ ਜਿਹਨ ਅੰਦਰ ਉੱਗ ਹੀ ਪੈਂਦਾ ਹੈ। ਕਵੀ ਜਿੱਥੇ ਮਨੁੱਖ ਦੇ ਅਜੋਕੇ ਤਬਦੀਲ ਹੋਏ ਸਰੂਪ ਤੇ ਸੁਭਾਅ ਨੂੰ ਪਛਾਣਦਾ ਹੈ, ਉਥੇ ਨਾਊਲ ਹੀ ਅਜਿਹੇ ਮਨੁੱਖ ਦੀ ਪਹਿਚਾਣ ਵੀ ਕਰਾਉਂਦਾ ਹੈ ਜੋ ਆਪਣੇ ਮੂਲ ਵਿੱਚੋਂ ਭਵਿੱਖੀ ਨਕਸ਼ ਨਿਹਾਰਦਾ ਹੈ :-

ਬਦਲਦੀਆਂ ਰੁੱਤਾਂ ਵਾਂਗ
ਬਦਲਦੇ ਰਹਿੰਦੇ
ਮਨ ਦੇ ਮੌਸਮ ਵੀ
ਪਰ ਮੌਸਮਾਂ ਵਾਂਗੂ ਆਪਣਾ ਆਪ
ਨਹੀਂ ਬਦਲ ਸਕਿਆ ਮੈਂ
ਅਡੋਲ ਖੜਾ ਕਿਸੇ ਬਿਰਖ ਵਾਂਗ
ਪੱਤਿਆਂ ਨੂੰ ਆਪਣੇ ਤੇ ਖਿੜਦਾ
ਆਪਣੇ ਤੋਂ ਝੜਦਾ ਤੱਕਦਾ ਰਿਹਾ,,,

ਅਜੋਕਾ ਮਨੁੱਖ ਚੁਫੇਰਿਓਂ ਘਿਰਿਆ ਹੋਇਆ ਹੈ ।ਵਿਸ਼ਵੀਕਰਨ ਦੇ ਮੱਕੜ ਜਾਲ਼ ਵਿੱਚ ਫਸੇ ਮਨੁੱਖ ਕੋਲ਼ ਕੋਈ ਮੌਕਾ ਨਹੀਂ ਕਿ ਉਹ ਇਸ ਚੋਂ ਬਾਹਰ ਨਿਕਲ ਸਕੇ । ਭਾਵੇਂ ਵਿਸ਼ਵੀਕਰਨ ਨੇ ਜੀਵਨ ਰਫਤਾਰ ਤੇਜ਼ ਕਰਦਿਆਂ ,ਮਨੁੱਖ ਦੇ ਚੌਗਿਰਦੇ ਅਜਿਹਾ ਛਲਾਵੇ ਭਰਿਆ ਰੰਗੀਨ ਮਾਹੌਲ ਸਿਰ ਦਿੱਤਾ ਹੈ। ਜਿਸ ਨੂੰ ਵੇਖਦਿਆਂ ਇੰਝ ਮਹਿਸੂਸ ਹੋਣ ਲੱਗਦਾ ਹੈ ਕਿ ਅਜੋਕਾ ਮਨੁੱਖ ਬੜਾ ਖੁਸ਼ੀਆਂ ਭਰਿਆ ਜੀਵਨ ਜਿਉ ਰਿਹਾ ਹੈ ਪਰ ਜਦੋਂ ਮਨੁੱਖ ਦੀ ਅਜੋਕੀ ਜੀਵਨ ਸ਼ੈਲੀ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖ ਭੀੜ ਵਿੱਚ ਉਦਾਸ ਹੈ। ਉਦਾਸੀ ਨੇ ਉਸ ਦੇ ਅਨੇਕਾਂ ਸੁਪਨੇ, ਚਾਅ ਕਤਲ ਕਰ ਦਿੱਤੇ ਹਨ। ਅਜੋਕੇ ਮਨੁੱਖ ਦੇ ਇਹ ਮਨੋ ਬਿਰਤਾਂਤ ਨੂੰ ਕਵੀ ਨੇ ਆਪਣੇ ਕੁਝ ਸ਼ਬਦਾਂ ਵਿੱਚ ਹੀ ਅਜਿਹੇ ਢੰਗ ਨਾਲ਼ ਬਿਆਨ ਕੀਤਾ ਹੈ ਕਿ ਸਫਿਆਂ ਤੇ ਲਿਖਿਆ ਜਾਣ ਵਾਲ਼ਾ ਦੁਖਾਂਤਿਕ ਕੁਝ ਸਤਰਾਂ ਵਿੱਚ ਹੀ ਕਹਿ ਦਿੱਤਾ:-

ਮਨ ਵਿੱਚ ਜੰਮੀ
ਇਹ ਸੰਘਣੀ ਉਦਾਸੀ ਦੀ ਬਰਫ਼
ਅੱਖਾਂ ਚ ਪਸਰਿਆ ਇਹ
ਤਪਦੀ ਰੇਤ ਦਾ ਰੇਗਿਸਤਾਨ
ਨਜ਼ਰ ਨਹੀਂ ਆਉਂਦਾ,,,
ਇਹ ਬਚਪਨ ਦੇ ਜਾਂ ਜਵਾਨੀ ਦੇ
ਕਿੰਨਾ ਗੁਨਾਹਾਂ ਦੇ ਨੇ ਨਿਸ਼ਾਨ,,,

ਵਿਸ਼ਵੀ ਦੌਰ ਵਿੱਚ ਮੰਡੀ 'ਤੇ ਪੂੰਜੀਪਤੀਆਂ ਦਾ ਕਬਜ਼ਾ ਹੋ ਚੁੱਕਾ ਹੈ। ਦੇਸ਼ ਦੀ ਅੱਧ ਤੋਂ ਵੱਧ ਇਕਾਨਮੀ ਪੂੰਜੀਪਤੀਆਂ ਦੇ ਹੱਥਾਂ ਵਿੱਚ ਚਲੀ ਗਈ ਹੈ ਦੇਸ਼ ਦੀ ਸੱਤਾ ਤੇ ਪ੍ਰਭਾਵੀ ਸਥਿਤੀ ਮਜਬੂਤ ਹੋਣ ਕਾਰਨ, ਇਹਨਾਂ ਪੂੰਜੀਪਤੀਆਂ ਨੇ ਮੱਧ ਵਰਗ ਦਾ ਦੇ ਨਾਲ਼-ਨਾਲ਼ ਆਮ ਸਧਾਰਨ ਵਿਅਕਤੀ ਦੀ ਸੰਘੀ ਆਪਣੇ ਹੱਥਾਂ ਵਿੱਚ ਘੁੱਟ ਲਈ ਹੈ। ਸਥਿਤੀ ਇਹ ਹੈ ਕਿ ਪੂੰਜੀਪਤੀ ਜਿਵੇਂ-ਜਿਵੇਂ ਆਪਣੇ ਹੱਥਾਂ ਦੀ ਪਕੜ ਨੂੰ ਹੋਰ ਮਜਬੂਤ ਕਰਦਾ ਜਾਵੇਗਾ, ਸਧਾਰਨ ਵਿਅਕਤੀ ਦੇ ਸਾਹਾਂ ਦੀ ਰਫਤਾਰ ਉਨੀ ਹੀ ਤੇਜ਼ੀ ਨਾਲ਼ ਧੀਮੀ ਹੁੰਦੀ ਜਾਵੇਗੀ। ਕਵੀ ਇਹ ਸਥਿਤੀ ਦਾ ਬਿਆਨ ਆਪਣੀ ਕਵਿਤਾ ਵਿੱਚ ਕਰਦਾ ਹੈ:-

ਇਸ ਦੁਨੀਆਂ ਵਿੱਚ
ਅਣਗਿਣਤ ਲੋਕ ਨੇ
ਜਿਨ੍ਹਾਂ ਦੀ ਗਰਦਨ ਤੇ
ਅਜੇ ਵੀ ਅਰਬਾਂ ਪੂੰਜੀਪਤੀਆਂ ਦੇ
ਗੋਡੇ ਟਿਕੇ ਨੇ
ਉਹ ਤੜਫ ਰਹੇ ਨੇ
ਚੀਕ ਰਹੇ ਨੇ,,,
ਸਾਡਾ ਸਾਹ ਘੁੱਟ ਰਿਹਾ ਹੈ
ਸਾਡਾ ਸਾਹ ਘੁੱਟ ਰਿਹਾ ਹੈ,,,

ਵਿਸ਼ਵੀ ਵਰਤਾਰੇ ਨੇ ਸਾਡੀ ਭਾਸ਼ਾ, ਸੱਭਿਆਚਾਰ, ਸੰਸਕ੍ਰਿਤੀ ਆਚਾਰ, ਵਿਹਾਰ, ਸੰਵੇਦਨਾ ਨੂੰ ਧਰਤੀ, ਪਾਣੀ, ਹਵਾ, ਪੇੜ, ਪੌਦੇ, ਜੰਗਲ਼ ,ਮੀਹਾਂ ਪ੍ਰਤੀ ਦੁਸ਼ਮਣਾਂ ਵਾਲ਼ੇ ਖੇਮੇ ਚ ਖੜ੍ਹਾ ਕਰ ਦਿੱਤਾ ਹੈ। ਅਸੀਂ ਆਪਣੇ ਮਿੱਤਰ ਬੰਧੂਆਂ ਦੇ ਦੁਸ਼ਮਣ ਬਣ ਗਏ ਹਾਂ। ਇਹ ਗਲੋਬਲੀ ਸੱਭਿਆਚਾਰ ਆਪਣੇ ਢਿੱਡ ਅੰਦਰ ਮਨੁੱਖੀ ਸਮ੍ਰਿਤੀ ਦੀ ਹਰ ਲੋੜੀਂਦੀ ਵਿਚਾਰਧਾਰਕ ਪਰਿਪਾਟੀ ਨੂੰ ਸਮਾਉਂਦਾ ਜਾ ਰਿਹਾ ਹੈ। ਕਵੀ ਦੀ ਚੇਤਨਾ ਉਸ ਨੂੰ ਇਹ ਸਭ ਕੁਝ ਨੂੰ ਬਚਾ ਲੈਣ ਲਈ ਹਲੂਣ ਦੀ ਹੈ। ਉਹ ਲਿਖਦਾ ਹੈ:-

**(ਬਾਕੀ ਸਫਾ 16 ਤੇ)**

# ਮਨੁੱਖ ਅੰਦਰੋਂ ਗੁਆਚ ਰਹੀ ਸਹਿਜਤਾ ਦਾ ਕਾਵਿਕ ਬਿਰਤਾਂਤ: ਇਸ ਧਰਤੀ 'ਤੇ ਰਹਿੰਦਿਆਂ

ਕਵੀ ਹਾਂ ਮੈਂ
ਮੇਰੇ ਤੇ ਵੀ ਹੈ ਕੁਦਰਤ ਦਾ ਕਰਜ
ਬਚਾ ਲੈਣਾ ਚਾਹੁੰਦਾ ਹਾਂ
ਉਹ ਸਾਰਾ ਕੁਝ
ਜੋ ਗੁਆਚਦਾ ਜਾ ਰਿਹਾ
ਪਲ-ਪਲ
ਛਿਣ-ਛਿਣ,,,

ਵਿਸ਼ਵੀਕਰਨ ਤੇ ਪੂੰਜੀਵਾਦ ਨੇ ਸਾਡੇ ਰਿਸ਼ਤਿਆਂ ਅੰਦਰ ਬੇਗਾਨਗੀ ਦਾ ਬੀਜ ਬੋ ਦਿੱਤਾ ਹੈ। ਮਨੁੱਖੀ ਰਿਸ਼ਤਿਆਂ ਅੰਦਰਲੀ ਮੁਹੱਬਤ ਦੀ ਸੁਰ ਮਨੁੱਖਤਾ ਦੇ ਦੂਜੇ, ਤੀਜੇ ਪੁਰਖ ਦੀ ਥਾਂ ' ਮੈਂ ' ਪੁਰਖ ਦੇ ਆਪੇ ਨੂੰ ਵੀ ਸੁਣਾਈ ਦਿਨੋ ਹਟ ਗਈ ਹੈ। ਅੱਜ ਦਾ ਮਨੁੱਖ ਦਵੰਦਵਾਦੀ ਕਾਲ ਵਿੱਚ ਜੀ ਰਿਹਾ ਹੈ । ਰਿਸ਼ਤਿਆਂ ਤੋਂ ਦਰ ਕਿਨਾਰ ਹੋ ਸੁਤੰਤਰਤਾ ਅਤੇ ਬੰਧਨਾਂ ਮੁਕਤ ਜੀਵਨ ਜਿਉਂਣਾ ਲੋਚਦਾ ਤਾਂ ਹੈ ਪਰ ਰਿਸ਼ਤਿਆਂ ਦਾ ਪੀਡਾਪਣ ਉਸਨੂੰ ਮੁਕਤ ਨਹੀਂ ਹੋਣ ਦੇ ਰਿਹਾ । ਵਰਤਮਾਨ ਦੇ ਇਸ ਸੱਚ ਨੂੰ ਕਵੀ ਪਹਿਚਾਣਦਾ ਹੋਇਆ ਲਿਖਦਾ ਹੈ:-

ਕਿਸੇ ਵੀ ਰਿਸ਼ਤੇ ਵਿੱਚ
ਜਦੋਂ ਮਰਨ ਲੱਗਦੇ ਅਹਿਸਾਸ
ਠਰਨ ਲੱਗਦੀ ਆਤਮਾ
ਸਿਥਲ ਹੋਣ ਲੱਗਦੇ
ਸਰੀਰ ਦੇ ਸਾਰੇ ਅੰਗ
ਤਾਂ ਲਾ ਦਿੰਦੇ ਅਸੀਂ ਰਿਸ਼ਤਿਆਂ ਨੂੰ
ਵੈਂਟੀਲੇਟਰ ਤੇ
ਉਸ ਦੀ ਉਮਰ ਲਮੇਰੀ ਕਰਨ ਦੇ ਲਈ,,,

ਅੱਜ ਦਾ ਜੀਵਨ ਸੰਸਾਰ ਮਾਇਆ ਵੀ ਸੰਸਾਰ ਹੈ, ਜੋ ਹਕੀਕਤਾਂ ਤੋਂ ਦੂਰ ਅਜਿਹਾ ਸੁਪਨ ਸੰਸਾਰ ਬਣ ਗਿਆ ਹੈ। ਜਿਸ ਵਿੱਚ ਰੰਗੀਨ ਵਸਤੂਆਂ ਦੀ ਬਹੁਤਾਤ ਅਤੇ ਸਹੂਲਤਾਂ ਨਾਲ਼ ਭਰੀ ਹੋਈ ਜਿੰਦਗੀ ਤਾਂ ਹੈ। ਪਰ ਇਸ ਵਿੱਚ ਮਾਨਸਿਕ ਸਕੂਨ ਦੀ ਅਣਹੋਂਦ ਹੈ। ਪਦਾਰਥਾਂ ਨੂੰ ਇਕੱਤਰ ਕਰਨ ਦੀ ਅਮੁੱਕ ਦੌੜ ਅਤੇ ਇਕੱਠੇ ਹੋਏ ਪਦਾਰਥਾਂ ਨੂੰ ਆਪਣੇ ਕਬਜ਼ੇ ਹੇਠ ਰੱਖਣ ਦੇ ਸੰਘਰਸ਼ ਨੇ ਇਸ ਨੂੰ ਇਕਲਤਾ ਭਰਿਆ ਜੀਵਨ ਜਿਉਂਣ ਲਈ ਮਜਬੂਰ ਕਰ ਦਿੱਤਾ ਹੈ। ਇਕਲਤਾ ਹੰਡਾਉਣ ਵਾਲ਼ਾ ਮਨੁੱਖ ਸਮਾਜ ਤੋਂ ਟੁੱਟਿਆ ਉਹ ਵਿਅਕਤੀ ਹੁੰਦਾ ਹੈ, ਜਿਸਦੇ ਦੁੱਖ, ਦਰਦ ,ਤਕਲੀਫਾਂ ਉਸਦੇ ਆਪਣੇ ਹੀ ਹੋ ਕੇ ਰਹਿ ਜਾਂਦੇ ਹਨ। ਕਵੀ ਬੰਦੇ ਦੀ ਇਕੱਲਤਾ ਨੂੰ ਮਹਿਸੂਸ ਕਰਦਾ ਹੋਇਆ ਲਿਖਦਾ ਹੈ:-

ਪੀੜ ਸਾਰੀ
ਖ਼ੁਦ ਹੀ ਸਮੇਟ ਲਈ
ਕੁਝ ਤਨ ਤੇ ਕੁਝ ਮਨ ਤੇ
ਜਖ਼ਮ ਸਾਰੇ ਲੈ ਲਏ
ਆਪਣੇ ਜਿਸਮ ਤੇ
ਤੇ ਉੱਪਰੋਂ ਲਪੇਟ ਲਈ ਕੰਬਲੀ ਕਾ਼ਲੀ
ਕਿਸੇ ਨੂੰ ਕੁਝ ਨਹੀਂ ਕਿਹਾ
ਹਰ ਕੋਈ ਆਪਣੇ ਆਪਣੇ ਹਿੱਸੇ ਦੀ ਸਲੀਬ
ਮੇਰੇ ਮੋਢਿਆਂ ਤੇ ਰੱਖ ਕੇ ਤੁਰ ਜਾਂਦਾ ਰਿਹਾ,,,

ਕਵੀ ਜਿੱਥੇ ਅਜੋਕੇ ਮਨੁੱਖੀ ਵਰਤਾਰਿਆਂ ਪ੍ਰਤੀ ਚੇਤਨ ਅਤੇ ਚਿੰਤਤ ਹੈ, ਉੱਥੇ ਉਹ ਕਈ ਗੱਲਾਂ ਪ੍ਰਤੀ ਬੜਾ ਸਪਸ਼ਟ ਹੈ। ਉਸ ਦੀ ਕਾਵਿ ਸੰਵੇਦਨਾ ਯਥਾਰਥਿਕ ਅਮਲ ਨੂੰ ਦਰਸਾਉਂਦੀ ਹੀ ਨਹੀਂ, ਮਨੁੱਖ ਦੇ ਕਈ ਭਰਮ ਵੀ ਦੂਰ ਕਰਦੀ ਹੈ। ਆਰੰਭ ਤੋਂ ਮਨੁੱਖ ਦੀ ਇਹ ਪ੍ਰਵਿਰਤੀ ਰਹੀ ਹੈ ਕਿ ਉਹ ਦੂਸਰਿਆਂ ਨਾ਼ਲ ਮਿਲ ਕੇ ਰਹਿਣਾ ਜਾਂ ਦੂਸਰਿਆਂ ਦੇ ਨੇੜੇ ਹੋ ਕੇ ਜਿਉਂਣਾ ਲੋਚਦਾ ਹੈ। ਉਸਦੇ ਅੰਦਰ ਹਰ ਵਸਤੂ ਵਰਤਾਰੇ ਨੂੰ ਨੇੜਿਓ ਵੇਖਣ ਨੇੜਿਓਂ ਜਾਨਣ ਦੀ ਰੁਚੀ ਰਹੀ ਹੈ।ਅਜੋਕੇ ਮਨੁੱਖ ਨੂੰ ਦਰਪੇਸ਼ ਚੁਣੌਤੀਆਂ ਨੇ ਉਸ ਨੂੰ ਇਹ ਗੱਲ ਪ੍ਰਤੀ ਸੋਚਣ ਲਈ ਪ੍ਰੇਰਿਆ ਹੈ ਕਿ ਕਿਸੇ ਵਿਅਕਤੀ ,ਵਸਤੂ ਵਰਤਾਰੇ ਨਾ਼ਲ ਕਿੰਨੀ ਕੁ ਨੇੜਤਾ ਜਾਇਜ਼ ਹੈ। ਇਹ ਵਿਚਾਰ ਨੂੰ ਕਵੀ ਨੇ " ਦੂਰੋਂ ਦੂਰੋਂ " ਕਵਿਤਾ ਵਿੱਚ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ ਹੈ:-

ਦੂਰੋਂ ਦੇਖਿਆ ਸੋਹਣਾ ਲੱਗਦਾ ਚੰਦਰਮਾ
ਕੋ਼ਲ ਗਿਆਂ
ਦਾਗਾਂ ਦਾ ਭਰਿਆ ਵਜੂਦ,,,
ਦੁਨੀਆਂ ਵਿੱਚ ਜੋ ਵੀ ਸੋਹਣਾ
ਸਭ ਦੂਰੋਂ ਦੂਰੋਂ ਸੋਹਣਾ
ਕੋ਼ਲ ਗਿਆਂ
ਟੁੱਟ ਜਾਂਦੇ ਭਰਮ ਸਾਰੇ,,,

ਵਕਤ ਦੀ ਕਰਵਟ ਨੇ ਮਨੁੱਖ ਨੂੰ ਖ਼ੁਦਗਰਜ਼ੀ ,ਸਵਾਰਥੀ ਬਣਾ ਦਿੱਤਾ ਹੈ। ਪਦਾਰਥਵਾਦੀ ਸੱਭਿਆਚਾਰ ਨੇ ਉਸ ਦੇ ਅੰਦਰੋਂ ਸਬਰ, ਸੰਤੋਖ ਵਿਸਾਰ ਦਿੱਤਾ ਹੈ। ਆਰਥਿਕਤਾ ਨੂੰ ਪ੍ਰਮੁੱਖ ਮੰਨ ਰਿਹਾ ਇਹ ਮਨੁੱਖ ਹਰ ਪੱਖੋਂ ਮੁਨਾਫ਼ਾ ਖੋਰ ਬਣ ਗਿਆ ਹੈ। ਆਪਣੇ ਹਿਤਾਂ ਦੀ ਪੂਰਤੀ ਲਈ ਇਸ ਨੇ ਦੋਗਲਾਪਣ ਅਤੇ ਮਖੌਟਾਧਾਰੀ ਜੀਵਨ ਮੁੱਲਾਂ ਨੂੰ ਅਪਣਾ ਲਿਆ ਹੈ। ਇਸੇ ਲਈ ਇਸ ਦਾ ਸੁਭਾਅ ਇਸ ਦੁਆਰਾ ਕੀਤੇ ਕਾਰਜਾ ਨਾ਼ਲ ਮੇਲ ਨਹੀਂ ਖਾ ਰਿਹਾ। ਇਹ ਮਖੌਟਾ ਧਾਰੀ ਅਮਲ ਨੂੰ ਸਹਿਜੇ ਹੀ ਸਮਝਿਆ ਨਹੀਂ ਜਾ ਸਕਦਾ। ਕਵੀ ਲਿਖਦਾ ਹੈ:-

ਉਹ ਸੱਤਾ ਦਾ ਸੁੱਖ ਵੀ ਮਾਣਦਾ
ਤੇ ਵਿਦਰੋਹੀ ਵੀ ਕਹਾਉਂਦਾ
ਸਟੇਜਾਂ ਤੇ ਉਹ ਆਪਣੀ ਭਾਸ਼ਾ ਦੇ
ਹੱਕ ਵਿੱਚ ਭਾਸ਼ਣ ਦਿੰਦਾ
ਪਰ ਆਪਣੇ ਬੱਚਿਆਂ ਨੂੰ
ਅੰਗਰੇਜ਼ੀ ਸਕੂਲਾਂ ਵਿੱਚ ਤਾਲੀਮ ਦਿਵਾਉਂਦਾ,,,
ਉਸ ਦੇ ਅੰਦਰੋਂ ਹਜਰਤ, ਈਸਾ
ਮਾਰਕਸ, ਲੈਨ, ਹਿਟਲਰ, ਫਰਾਈਡ
ਸਭ ਵਕਤ ਵਕਤ ਤੇ ਬੋਲਦੇ,,,

ਅਜੋਕਾ ਮਨੁੱਖ ਖ਼ੁਦਗਰਜ਼ ਹੋ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਜਿਸ ਤਰ੍ਹਾਂ ਦੀਆਂ ਸੌਗਾਤਾਂ ਛੱਡ ਕੇ ਜਾਣ ਦੀ ਤਿਆਰੀ ਵਿੱਚ ਰੁਝਿਆ ਹੋਇਆ ਹੈ। ਉਸਦੀ ਭਵਿੱਖ ਵਿੱਚ ਅਜਿਹੀ ਲਾਨਤ ਭਰੀ ਤਵਾਰੀਖ ਲਿਖੀ ਜਾਏਗੀ, ਜਿਸ ਅੰਦਰ ਦਰਜ ਹੋਵੇਗਾ ਅੱਜ ਦੇ ਮਨੁੱਖ ਦਾ ਬਦਲਿਆ ਕਿਰਦਾਰ, ਜੋ ਬੇਮੁਖ ਹੋ ਗਿਆ ਹੈ ਆਪਣੇ ਜੀਵਨ ਦਾਤੀ ਪ੍ਰਕਿਰਤੀ ਤੋਂ। ਜਿਸ ਅੰਦਰ ਸ਼ੁਮਾਰ ਹੋਵੇ ਖ਼ੁਦਗਰਜ਼ੀ ਲਾਹਨਤ ਤੇ ਬੇਈਮਾਨੀ ਦਾ ਅਲਜਬਰਾ। ਕੁਝ ਸੁਚੇਤ ਮਨੁੱਖ ਜੋ ਆਪਣੀਆਂ ਅਤੇ ਆਪਣੇ ਹਮਰੂਪ ਦੀਆਂ ਗ਼ਲਤੀਆਂ ਤੋਂ ਵਾਕਫ ਹੋ ਗਏ ਹਨ ਅਤੇ ਬਨਾਵਟੀ ਸਗੂਫਿਆਂ ਨਾ਼ਲ ਇਸ ਦੀਆਂ ਗ਼ਲਤੀਆਂ ਨੂੰ ਕੱਜਣਾ ਚਾਹੁੰਦੇ ਹਨ । ਉਹ ਜਾਣਦੇ ਨਹੀਂ ਕਿ ਅੰਬਾਂ ਦੀ ਭੁੱਖ ਅੰਬਾਕੜੀਆਂ ਨਾ਼ਲ ਨਹੀਂ ਲਹਿੰਦੀ । ਕਵੀ ਇਸ ਵਰਤਾਰੇ ਪ੍ਰਤੀ ਸੁਚੇਤ ਹੈ ਉਹ ਆਪਣੀ ਦੂਰ ਅੰਦੇਸੀ ਦ੍ਰਿਸ਼ਟੀ ਨਾ਼ਲ ਆਉਂਦੇ ਦਿਨਾਂ ਦੇ ਵਕਤ ਦੀ ਕਾਰਗੁਜ਼ਾਰੀ ਨੂੰ ਸਮਝ ਰਿਹਾ ਹੈ । ਇਸੇ ਲਈ ਉਹ " ਬੂਟੇ" ਕਵਿਤਾ ਵਿੱਚ ਲਿਖਦਾ ਹੈ:-

ਇਹ ਬੀਜ ਜੋ ਮੈਂ
ਬੀਜ ਰਿਹਾ ਧਰਤੀ ਦੇ ਵਿੱਚ
ਜਦ ਵਧਦੇ ਵਧਦੇ
ਇਹ ਕਿਸੇ ਦਿਨ ਬਿਰਖ ਬਣਨਗੇ,,,
ਬਣਗੀਆਂ ਸ਼ਾਖਾਵਾਂ ਇਹਨਾਂ ਦੀਆਂ
ਤੇ ਜ਼ਹਿਰ ਵਿੱਚ ਬੁਝੇ
ਟੰਗਣਗੇ ਜੋ ਸੂਲੀ ਤੇ
ਮਾਸੂਮ ਅਣ ਭੋਲੇ ਜਿਹੇ ਖਾਬ,,,
ਮੈਂ ਨਹੀਂ ਸਾਂ ਜਾਣਦਾ
ਮਹਿਕ ਦੇ ਫੁੱਲਾਂ ਦੀ ਥਾਂ ਫੁੱਟ ਪੈਣਗੇ
ਬੀਜਾਂ ਅੰਦਰੋਂ ਇਹ
ਜ਼ਹਿਰ ਬੁਝੇ ਤੀਰ,,,

ਜੀਵਨ ਨੂੰ ਸੁਚੱਜੇ ਢੰਗ ਨਾ਼ਲ ਬਤੀਤ ਕਰਨ ਦੇ ਲਈ ਕੁਦਰਤ ਨੇ ਮਨੁੱਖੀ ਜਨਮ ਸਮੇਂ ਹਵਾ, ਪਾਣੀ, ਰੌਸ਼ਨੀ ਨਾ਼ਲ ਸੰਤੁਲਨ ਬਣਾਇਆ। ਪਰ ਜਿਉਂ- ਜਿਉਂ ਮਨੁੱਖੀ ਵਿਕਾਸ ਹੋਇਆ, ਮਨੁੱਖ ਨੇ ਵਿਕਾਸ ਦੀ ਆੜ ਹੇਠ ਕੁਦਰਤੀ ਤੋਫਿਆਂ ਨੂੰ ਦੁਸ਼ਮਣਾਂ ਵਾਂਗ ਲੁੱਟਿਆ, ਬਰਬਾਦ ਕੀਤਾ, ਤੇ ਵਾਤਾਵਰਣ ਨੂੰ ਦੂਸ਼ਿਤ ਕੀਤਾ ਹੈ। ਦੂਸਰੇ ਜੀਵ ਪ੍ਰਾਣੀਆਂ ਨੂੰ ਜੀਵਨ ਤੋਰ ਵਿੱਚੋਂ ਮਨਫੀ ਕਰ ਇਹਨਾਂ ਦੇ ਹਿੱਸੇ ਦੀਆਂ ਕੁਦਰਤੀ ਨਿਆਮਤਾਂ ਤੇ ਆਪਣਾ ਅਧਿਕਾਰ ਕਰਨ ਦੀਆਂ ਸਾਜਿਸ਼ਾਂ ਕੀਤੀਆਂ ਕੁਦਰਤੀ ਵਤਾਰਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਦੇ ਯਤਨ ਕਰਦਾ ਇਹ ਮਨੁੱਖ ਕਿੰਨੇ ਹੀ ਜੀਵਾਂ, ਜਾਨਵਰਾਂ, ਪੰਛੀਆਂ ਦੀਆਂ ਨਸਲਾਂ ਦਾ ਖੁਰਾ ਖੋਜ ਮਿਟਾ ਚੁੱਕਾ ਹੈ। ਕਵੀ ਅੰਦਰਲੀ ਸੰਵੇਦਨਾ ਮਨੁੱਖ ਦੇ ਇਸ ਨਾ ਮਾਫ਼ ਕਰਨ ਯੋਗ ਅਪਰਾਧ ਦਾ ਨੋਟ ਵੀ ਲੈਂਦੀ ਹੈ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਵੀ ਕਰਦੀ ਹੈ:-

ਜ਼ਹਿਰੀ ਪੌਣ ਵਗੇ ਚਹੁੰ ਕੂੰਟੀ
ਪਾਣੀਆਂ ਦੇ ਵਿੱਚ ਵਿਸ਼ ਘੁਲਿਆ
ਲੱਗਦਾ ਮਾਨਵਤਾ ਦੇ ਪਿੰਡੇ
ਜ਼ਹਿਰੀਲਾ ਕੋਈ ਬਿਸ਼ੀਅਰ ਲੜਿਆ,,,

ਕਵੀ ਮਨ ਚਿੰਤਤ ਹੈ ਕਿ ਕੁਦਰਤੀ ਨਿਆਮਤਾਂ ਦੀ ਗੋਦ ਵਿੱਚ ਬੈਠਾ ਬੰਦਾ ਕੁਦਰਤੀ ਨਿਆਮਤਾਂ ਨੂੰ ਵਰਤਦਾ-ਵਰਤਦਾ ਕੁਦਰਤ ਵਿਰੋਧੀ ਸਰਗਣਿਆਂ ਦਾ ਸਿਰਤਾਜ ਕਿਉਂ ਬਣ ਬੈਠਾ? ਭਾਰਤੀ ਸੰਸਕ੍ਰਿਤਕ ਸੁਭਾਅ ਦੇ ਉਲਟ ਹੋ ਵਿਸ਼ਵੀ ਸੋਚ ਦਾ ਅਲੰਬਰਦਾਰ ਬਣ ਕੁਦਰਤ ਵਿਰੋਧੀ ਕਿਉਂ ਬਣ ਗਿਆ ਹੈ? ਜਿਸ ਸੋਚ ਦੇ ਅੰਤਰਗਤ ਉਸ ਨੇ ਤਰੱਕੀ ਦੇ ਨਾਮ ਹੇਠ ਜੋ ਮਨੁੱਖਤਾ ਨੂੰ ਵੰਡਿਆ ਹੈ ਕਵੀ ਉਸ ਦਾ ਵਰਣਨ ਕਰਦਾ ਲਿਖਦਾ ਹੈ:-

ਬਹੁਤ ਸਾਰੇ ਲੋਕ ਨੇ
ਜਿਨਾਂ ਕੋ਼ਲ ਬਾਰੂਦ ਹੈ
ਉਹ ਵੰਡ ਰਹੇ ਨੇ ਮੌਤ
ਜਿਨ੍ਹਾਂ ਕੋ਼ਲ ਹੈ ਜ਼ਹਿਰ
ਉਹ ਵੰਡ ਦੇ ਨੇ
ਜ਼ਹਿਰੀਲੇ ਭਾਸ਼ਣ
ਨਫ਼ਰਤ ਵੰਡ ਦੇ
ਮਨੁੱਖਤਾ ਵਿੱਚ ਜ਼ਹਿਰ ਬੀਜਦੇ ਨੇ,,,

ਸਮਕਾਲੀ ਦੌਰ ਦੇ ਵਰਤਾਰੇ ਮਨੁੱਖੀ ਅਵਚੇਤਨ ਦਾ ਹਿੱਸਾ ਬਣ ਗਏ ਹਨ।ਇਸ ਦੇ ਕਾਰਨ ਸੱਭਿਆਚਾਰ ਬਦਲਣਾ ਸ਼ੁਰੂ ਹੋ ਗਿਆ ਹੈ। ਮਨੁੱਖ ਨਾ਼ਲ ਜੁੜੀਆਂ ਪ੍ਰਸਥਿਤੀਆਂ ਦੇ ਭਾਰੀ ਬਦਲਾਅ ਕਾਰਨ ਇਤਿਹਾਸ ਤੇ ਵਰਤਮਾਨ ਦੀ ਸੁਰ ਨਹੀਂ ਮਿਲ ਰਹੀ।ਇਸੇ ਲਈ ਨੈਂਸੀ ਲੂਸ ਕਹਿੰਦਾ ਹੈ ਕਿ "ਸੱਭਿਆਚਾਰ ਸਥਗਤ ਹੋ ਚੁੱਕਾ ਹੈ ਇਸ ਨੂੰ ਵਿਗਿਆਨ ਦੀਆਂ ਨਵੀਆਂ ਸੇਧਾਂ ਨਿਰਧਾਰਤ ਕਰ ਰਹੀਆਂ ਹਨ।" ਇਸ ਨਵੇਂ ਬਣ ਰਹੇ ਪਾਪੂਲਰ ਕਲਚਰ ਅਧੀਨ ਵੱਡੀ ਗੌਰਤਾ ਵਾ਼ਲੇ ਇਤਿਹਾਸ ਤੇ ਸੱਭਿਆਚਾਰ ਆਪਣੀ ਹੋਂਦ ਗਵਾ ਰਹੇ ਹਨ। ਪਾਪੂਲਰ ਕਲਚਰ ਵਿੱਚ ਵਿਚਰਦੀ ਸਥਾਨਿਕਤਾ ਆਪਣੇ ਮੂਲ ਨੂੰ ਛੱਡ ਕੇ ਆਪਣੀ ਬੁਨਿਆਦੀ ਹੋਂਦ ਤੋਂ ਦੂਰ ਹੁੰਦੀ ਜਾ ਰਹੀ ਹੈ। ਸੱਭਿਆਚਾਰ ਵਿਚ ਆ ਰਹੀ ਤਬਦੀਲੀ ਨੂੰ ਕਵੀ ਅਜਿਹੇ ਢੰਗ ਨਾ਼ਲ ਬਿਆਨ ਕਰਦਾ ਹੈ ਕਿ ਸੱਭਿਆਚਾਰ ਦੀ ਯਥਾਰਥਕ ਤਸਵੀਰ ਸਾਡੇ ਸਾਹਮਣੇ ਸਾਕਾਰ ਹੋਣ ਲੱਗਦੀ । ਕਵੀ ਲਿਖਦਾ ਹੈ:-

ਖਿੰਡਦੇ ਜਾ ਰਹੇ ਨੇ ਸੁਪਨੇ
ਜਿਉਂਣ ਦੇ ਆਧਾਰ
ਖਿੰਡਦੀ ਜਾ ਰਹੀ ਸੰਵੇਦਨਾ
ਖਿੰਡਦਾ ਜਾ ਰਿਹਾ ਹੈ ਪਿਆਰ
ਛਿਨ ਰਹੀ ਮਾਨਵਤਾ
ਹਮਦਰਦੀ ਮੋਹ ਸਾਂਝ
ਖਿੰਡ ਰਹੇ ਨੇ ਸੰਸਕਾਰ ਸੱਭਿਆਚਾਰ,,,

ਮਖੋਟਾਧਰੀ ਅਜੋਕੇ ਮਨੁੱਖ ਨੇ ਦੁਨੀਆਦਾਰੀ ਦੀਆਂ ਯਥਾਰਥਕ ਅਨਭੂਤੀਆਂ ਨੂੰ ਪਿੱਛੇ ਧੱਕ ਬਨਾਵਟੀ, ਅਸਲ ਦੀ ਨਕਲ ਨੂੰ ਅੱਗੇ ਲਿਆਂਦਾ ਹੈ। ਕੁਦਰਤੀ ਨਿਆਮਤਾਂ ਤੋਂ ਦੂਰ ਹੋਇਆ ਇਹ ਆਪਣੀ ਹਰ ਥੋੜ ਚਿਰੀ ਖੁਸ਼ੀ ਨੂੰ ਬਨਾਵਟ ਦੇ ਪੁੰਜ ਵਿੱਚੋਂ ਤਲਾਸ਼ ਰਿਹਾ ਹੈ ਬੰਦੇ ਦੇ ਅੰਦਰ ਤੋਂ ਲੈ ਕੇ , ਆਪਣੇ ਚੁਗਿਰਦੇ ਦੀ ਹਰ ਵਸਤੂ ਤੱਕ ਬਨਾਵਟ ਦਾ ਪਸਾਰਾ ਕਰ ਲਿਆ ਹੈ। ਬਨਾਵਟੀ ਸੂਰਜ, ਬਨਾਵਟੀ ਹਵਾ, ਬਨਾਵਟੀ ਰੁੱਖ ,ਬਨਾਵਟੀ ਪੰਛੀ, ਬਨਾਵਟੀ ਜਾਨਵਰਾਂ ਦੇ ਪੁਤਲੇ , ਬਨਾਵਟੀ ਹਮਦਰਦੀ, ਬਨਾਵ ਦੀ ਰਿਸ਼ਤੇ ਅਜੋਕੇ ਮਨੁੱਖ ਦੇ ਜਿਉਂਣ ਦਾ ਸਹਾਰਾ ਬਣ ਗਏ ਹਨ। ਦੁਨੀਆਂ ਤੇ ਪ੍ਰਚਲਤ ਇਹ ਸਹਿਜ ਵਰਤਾਰਾ ਕਵੀ ਨੂੰ ਝੰਝੋੜਦਾ ਹੈ। ਇਸੇ ਲਈ ਲਿਖਦਾ ਹੈ:-

ਧਰਤੀ ਤੇ ਬਚੇ ਨਹੀਂ
ਰੰਗ ਬਰੰਗੇ ਮਹਿਕ ਭਰੇ ਗ਼ੁਲਾਬ
ਗੁਲਦਸਤਿਆਂ ਵਿੱਚ ਮਹਿਕ ਵਿਹੂਣੇ
ਰੰਗ ਬਰੰਗੇ ਕਾਗਜ਼ੀ ਫੁੱਲ
ਸਜੇ ਹੋਏ ਨੇ,,,
ਮੁੱਕ ਗਿਆ ਮੁਹੱਬਤ ਦਾ ਨਿੱਘ
ਜਿਸਮ ਬਣ ਗਏ ਨੇ
ਸਿਰਫ ਭੋਗ ਦੀ ਵਸਤੂ,,,

ਜਦੋਂ ਵਕਤੀ ਤਬਦੀਲੀ ਹੁੰਦੀ ਹੈ ਤਾਂ ਮਨੁੱਖ ਦੇ ਬਾਹਰੀ ਸੰਸਾਰ ਦੇ ਨਾ਼ਲ-ਨਾ਼ਲ ਉਸ ਦੇ ਅੰਦਰੋਂ ਵੀ ਬਹੁਤ ਕੁਝ ਖੰਡਤ ਹੁੰਦਾ ਹੈ । ਬਹੁਤ ਕੁਝ ਪਹਿਲੇ ਦੇ ਮੁਕਾਬਲੇ ਨਵਾਂ ਉੱਸਰਦਾ ਹੈ। ਜੋ ਖੰਡਤ ਹੋਏ ਦਾ ਬਦਲਿਆ ਰੂਪ ਵੀ ਹੋ ਸਕਦਾ ਹੈ ਤੇ ਵਿਰੋਧੀ ਸਥਾਪਤ ਰੂਪ ਵੀ।ਉਹ ਬਹੁਤ ਕੁਝ ਜੋ ਮਨੁੱਖ ਅੰਦਰ ਨਵਾਂ ਉੱਸਰਿਆ ਹੈ, ਉਹ ਮਨੁੱਖ ਦੇ ਦੁਨੀਆਂਦਾਰੀ ਨੂੰ ਵੇਖਣ ਸਮਝਣ ਦੇ ਨਜ਼ਰੀਏ ਨੂੰ ਬਦਲ ਦਿੰਦਾ ਹੈ। ਮਨੁੱਖ ਦੇ ਅੰਦਰਲੀ ਤਬਦੀਲੀ ਕਾਰਨ ਹੀ ਕਿਤੇ ਉਹ ਕਿਸੇ ਦਾ ਚਹੇਤਾ ਵੀ ਬਣਦਾ ਹੈ ਅਤੇ ਅਣਚਹੇਤਾ ਵੀ। ਅਣਚਹੇਤਾ ਹੋਣ ਦੀ ਅਭਾਵੀ ਸਥਿਤੀ ਵਿੱਚ ਮਨੁੱਖ ਨਿਰਾਸ਼ਾ ਵੱਲ ਵੱਧਦਾ ਹੈ ।ਇਸ ਅਭਾਵੀ ਸਥਿਤੀ ਵਿੱਚ ਜਿਉਂ ਰਹੇ ਮਨੁੱਖ ਦੀ ਮਨੋ ਸਥਿਤ ਦਾ ਵਰਣਨ ਕਰਦਾ ਕਵੀ ਲਿਖਦਾ ਹੈ:-

ਨਿਕਲ ਆਇਆ
ਉਸ ਦਿਲ ਚੋਂ
ਜਿੱਥੇ ਥਾਂ ਨਹੀਂ ਸੀ ਮੇਰੀ
ਤੁਰ ਆਇਆ ਉਥੋਂ
ਜਿੱਥੇ ਲੋੜ ਨਹੀਂ ਸੀ ਮੇਰੀ
ਜਿੱਥੇ ਵੀ ਲੱਗਿਆ
ਆਪਣਾ ਆਪ ਫਾਲਤੂ
ਉਥੇ ਕਦੇ ਨਹੀਂ ਰੁਕਿਆ ਮੈਂ,,,

ਉਪਰੋਕਤ ਅਮਰਜੀਤ ਕੌਂਕੇ ਦੀ ਪੁਸਤਕ " ਇਸ ਧਰਤੀ 'ਤੇ ਰਹਿੰਦਿਆਂ " ਬਾਰੇ ਵਿਚਾਰ ਚਰਚਾ ਉਪਰੰਤ ਕਿਹਾ਼ ' ਸਕਦਾ ਹੈ ਕਿ ਕੌਂਕੇ ਦੀ ਇਹ ਕਵਿਤਾ ਵਿੱਚ ਸਮਕਾਲੀ ਦੌਰ ਦੀ ਵਿਸ਼ਵ ਦ੍ਰਿਸ਼ਟੀ ਦੇ ਵਿਭਿੰਨ ਕਾਵਿਕ ਪਸਾਰ ਹਨ । ਜੋ ਅਤਿ ਦੇ ਪ੍ਰਤਿਯੋਗੀ ਤੇ ਤੇਜ਼ ਰਫ਼ਤਾਰ ਯੁੱਗ ਵਿੱਚ ਇੱਕ ਸਭਿਅਕ ,ਸੰਵੇਦਨੀ ਅਤੇ ਸੰਵੇਗੀ ਮਾਨਵ ਦੀ ਤਲਾਸ਼ ਨੂੰ ਪੂਰਾ ਕਰਨ ਦੇ ਯਤਨ ਹਨ। ਇਹ ਕਵਿਤਾ ਮਨੁੱਖ ਦੇ ਨਾਲ- ਨਾ਼ਲ ਕੁਦਰਤ ਨੂੰ ਬਚਾਉਣ ਲਈ ਫਿਕਰਮੰਦੀ ਦਾ ਪ੍ਰਵਚਨ ਵੀ ਹੈ। ਇਕ ਨਵੀਨ ਚੇਤਨਾ ਦਾ ਪ੍ਰਸਾਰ ਹੈ।ਜਿਸਦਾ ਪੂਰੇ ਵਿਸ਼ਵ ਵਿੱਚ ਸੰਵਾਦ ਚੱਲ ਰਿਹਾ ਹੈ। ਮਨੁੱਖ ਨੂੰ ਆਪਣਾ ਪੁਨਰ ਮੁਲੰਕਣ ਕਰਨ ਲਈ ਪ੍ਰੇਰਿਤ ਕਰਦੀ,ਹੌਂਕੇ ਦੀ ਇਹ ਕਵਿਤਾ ਮਨੁੱਖ ਅੰਦਰੋਂ ਗੁਆਚ ਰਹੀ ਸਹਿਜਤਾ ਦਾ ਕਾਵਿਕ ਬਿਰਤਾਂਤ ਹੈ।

**ਡਾ.ਰਾਮਪਾਲ ਸ਼ਾਹਪੁਰੀ**
**9914886310**

# ਇਕ ਤਰਫਾ ਟੈਰਿਫ਼ ਵਾਧਾ:ਅਮਰੀਕਾ ਦਾ ਸੰਸਾਰ ਬਾਜ਼ਾਰ 'ਤੇ ਹਮਲਾ

ਅੱਜ ਸੰਸਾਰ ਅੰਦਰ ਪੂੰਜੀਵਾਦੀ ਪ੍ਰਣਾਲੀਗਤ ਸੰਕਟ ਦੇ ਸਿੱਟੇ ਵਜੋਂ ਸਾਮਰਾਜੀ ਅਮਰੀਕਾ ਸਮੇਤ ਵਿਕਸਤ ਦੇਸ਼ਾਂ ਅੰਦਰ ਵਿਕਾਸ ਦਰ ਸੁਸਤ ਚਲ ਰਹੀ ਹੈ। ਜਿਸ ਕਰਕੇ ਸਿੱਟੇ ਵਜੋਂ ਆਰਥਿਕ ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਵਧ ਰਹੀ ਹੈ। ਉਥੇ ਅਮਰੀਕਾ ਇਸ ਸੰਕਟ ਦਾ ਬੋਝ ਅੰਤਰ-ਰਾਸ਼ਟਰੀ ਵਿਤੀ ਪੂੰਜੀ ਦੀ ਅਗਵਾਈ ਅਤੇ ਦਬਾਅ ਅਧੀਨ ਆਪਣੇ ਪੂੰਜੀ-ਸੰਗ੍ਰਹਿ ਦੀ ਪ੍ਰਕਿਰਿਆ ਨੂੰ ਤੇਜ਼ ਕਰ ਰਿਹਾ ਹੈ। ਇਹ ਅਮਰੀਕਾ ਦੇ ਸਾਮਰਾਜਵਾਦੀ ਹਮਲਾਵਰੀ ਵੱਲ ਵੱਧਣ ਦੇ ਸਪਸ਼ਟ ਲੱਛਣ ਹਨ। ਅਮਰੀਕਾ ਦੀ ਅਗਵਾਈ ਵਾਲੇ ਜੀ-7 ਅਤੇ ਨਾਟੋ 'ਤੇ ਖੁਦ ਅਮਰੀਕਾ, ਖੁਲ੍ਹੇਆਮ ਕੇਵਲ ਆਰਥਿਕ ਮੁਹਾਜ ਹੀ ਨਹੀਂ ਸਗੋਂ ਨਾ-ਸਹਿਮਤੀ ਵਾਲੇ ਦੇਸ਼ਾਂ ਅੰਦਰ ਯੁੱਧ ਅਤੇ ਆਰਥਿਕ ਧੌਂਸਾਂ ਰਾਹੀਂ ਅਲੱਗ-ਥਲੱਗ ਵਾਲੀਆਂ ਜ਼ਬਰੀ ਨੀਤੀਆਂ ਵੀ ਲਾਗੂ ਕਰ ਰਿਹਾ ਹੈ। ਡੋਨਾਲਡ ਟਰੰਪ ਵਲੋਂ ਚੀਨ, ਭਾਰਤ ਅਤੇ ਹੋਰ ਕਈ ਦੇਸ਼ਾਂ ਨਾਲ ਵਾਪਾਰ ਅੰਦਰ ਵਿਤੀ ਹਮਲੇ ਵੀ ਸੇਧ ਦਿੱਤੇ ਹਨ। ਕਈ ਖੇਤਰਾਂ ਅੰਦਰ ਵਾਪਾਰ ਪੂੰਜੀ ਨਿਵੇਸ਼ ਅਤੇ ਐਕਸਪੋਰਟ ਖੇਤਰ ਵਿੱਚ ਜਿਨ੍ਹਾਂ ਕਿਸੇ ਦੋ ਧਿਰੀ (ਰੀ-ਨੈਗੋਸੀਏਸ਼ਨ) ਗਲਬਾਤ, 'ਸਿਧੇ ਟੈਰਿਫ਼ ਦੀਆਂ ਦਰਾਂ 'ਚ ਅਥਾਹ ਵਾਧਾ ਕਰ ਦਿੱਤਾ ਹੈ। ਭਾਰਤ ਅੰਦਰ ਮੋਦੀ ਸਰਕਾਰ ਜੋ ਟਰੰਪ ਦੀ ਹੋਜਲੀ ਅਤੇ ਨੇੜਤਾ ਰੱਖਦੀ ਸੀ, ਉਤੇ 25-ਫੀਸਦ ਟੈਰਿਫ਼ (ਟੈਕਸ) ਲਗਾਇਆ ਸੀ, ਉਹ ਹੁਣ ਵਧਾ ਕੇ 50-ਫੀ ਸਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਵੇਲੇ ਦੁਨੀਆ ਦੇ 166-ਦੇਸ਼ ਸੰਸਾਰ ਵਾਪਾਰ ਸੰਸਥਾਂ ਦੇ ਮੈਂਬਰ ਹਨ। ਇਹ ਦੇਸ਼ ਆਪੋ ਆਪਣੇ ਹਿਤਾਂ ਮੁਤਾਬਕ ਅੰਦਰ ਰਹਿਕੇ ਜਾਂ ਬਾਹਰ ਰਹਿ ਕੇ ਆਪਸੀ ਸਮਝੌਤੇ ਰਾਹੀਂ ਵਾਪਾਰ ਕਰਦੇ ਆ ਰਹੇ ਹਨ। ਅਮਰੀਕਾ ਅਤੇ ਭਾਰਤ ਵਿਚਕਾਰ ਵੀ ਆਪਸੀ ਸੰਬੰਧ ਕਾਫੀ ਸੁਧਰੇ ਹੋਏ ਸਨ। ਭਾਰਤ ਜੋ ਸ਼ੁਰੂ ਤੋਂ ਹੀ ਨਿਰਪੱਖਤਾ ਵਾਲੀ ਨੀਤੀ ਅਪਣਾਉਂਦਾ ਰਿਹਾ ਸੀ। ਪਰ ਪਿਛਲੇ ਇਕ ਦਹਾਕੇ ਤੋਂ ਮੌਜੂਦਾ ਬੀ.ਜੇ.ਪੀ. ਦੀ ਮੋਦੀ ਸਰਕਾਰ ਕਾਫੀ ਹੱਦ ਤਕ ਅਮਰੀਕਾ ਪੱਖੀ ਪੈਂਤੜੇ ਲੈਂਦੀ ਆ ਰਹੀ ਹੈ। 1947-48 ਕਸ਼ਮੀਰ ਸੰਕਟ ਤੋਂ ਲੈ ਕੇ ਭਾਰਤ ਆਪਣੇ ਨਿੱਜੀ ਹਿਤਾਂ ਕਾਰਨ ਪਹਿਲਾ ਸੋਵੀਅਤ ਯੂਨੀਅਨ ਅਤੇ 1991 ਤੋਂ ਬਾਅਦ ਰੂਸ ਵਲ ਝੁਕਾਅ ਰੱਖਦਾ ਆ ਰਿਹਾ ਸੀ। ਕੁਝ ਅਰਸੇ ਤੋਂ ਕੌਮਾਂਤਰੀ ਹਲਾਤਾਂ ਦੀ ਬਦਲੀ ਹਵਾ ਅਨੁਸਾਰ ਹੁਣ ਭਾਰਤ, ਚੀਨ ਨਾਲ ਵੀ ਨੇੜਤਾ ਲਈ ਆਪਣਾ ਹੱਥ ਮਿਲਾ ਰਿਹਾ ਹੈ। ਗਾਜ਼ਾਂ ਅੰਦਰ ਇਸਰਾਇਲ ਦੇ ਵਿਸਥਾਰਵਾਦੀ ਨੀਤੀਆਂ ਅਤੇ ਲੋਕਾਂ 'ਤੇ ਹਮਲਿਆ ਕਾਰਨ, ਯੂਕਰੇਨ-ਰੂਸ ਜੰਗ ਅਤੇ ਮੱਧ-ਪੂਰਬ ਅੰਦਰ ਸਾਮਰਾਜੀ ਹਮਲਿਆ ਦੇ ਨਤੀਜੇ ਵਜੋਂ ਭਾਰਤ ਹੁਣ ਕੌਮਾਂਤਰੀ ਸਾਖ ਅਤੇ ਏਸ਼ੀਆ ਅੰਦਰ ਆਪਣੀ ਸਥਾਪਤੀ ਲਈ ਰੂਸ ਅਤੇ ਚੀਨ ਦੇ ਹੋਰ ਨੇੜੇ ਵੀ ਆ ਰਿਹਾ ਹੈ। ਜੋ ਦੁਨੀਆ ਦੀ ਦਾਦਾਗਿਰੀ ਕਰਨ ਵਾਲੇ ਅਮਰੀਕਾ ਨੂੰ ਭਾਉਂਦਾ ਨਹੀਂ ਹੈ। ਇਹ ਤਾਂ ਭਾਰਤ ਨੇ ਦੇਖਣਾ ਹੈ ਕਿ ਉਸ ਦੇ ਆਰਥਿਕ ਅਤੇ ਕੌਮਾਂਤਰੀ ਹਿਤ ਕਿਸ ਦੇਸ਼ ਨਾਲ ਠੀਕ ਬੈਹਿੰਦੇ ਹਨ ?

ਪਰ ਅੱਜੇ ਵੀ ਭਾਰਤ ਵਲੋਂ ਆਪਣੀ ਅਮਰੀਕਾ ਪੱਖੀ ਵਿਦੇਸ਼ ਨੀਤੀ ਅਤੇ ਅਮਰੀਕੀ ਸਾਮਰ-ਾਜਵਾਦ ਨਾਲ ਰਣਨੀਤਕ ਸਬੰਧਾਂ ਨੂੰ ਨਾ ਹੀ ਬਦਲਿਆ ਤੇ ਨਾ ਹੀ ਕੋਈ ਆਸ ਦਿੱਸਦੀ ਹੈ?




ਵੱਧ ਰਹੇ ਬਹੁ-ਧਰੁਵੀ ਸੰਸਾਰ ਦੀਆਂ ਹਕੀਕਤਾਂ ਨੇ ਮੋਦੀ ਸਰਕਾਰ ਨੂੰ ਬ੍ਰਿਕਸ ਅਤੇ ਸ਼ਿੰਘਾਈ ਸਹਿਯੋਗ ਸੰਗਠਨ ਵਿੱਚ ਇਕ ਸਰਗਰਮ ਭਾਈਵਾਲ ਬਣਨ ਲਈ ਭਾਵੇਂ ਮਜਬੂਰ ਵੀ ਕੀਤਾ ਹੋਇਆ ਹੈ ਪਰ ਯੂਕਰੇਨ-ਰੂਸ ਜੰਗ ਨੂੰ ਛੱਡ ਕੇ ਜਿਥੇ ਭਾਰਤ ਨੇ ਨਿਰਪੱਖ ਸਥਿਤੀ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਅਜੇ ਵੀ ਭਾਰਤ ਦੀ ਵਿਦੇਸ਼ ਨੀਤੀ ਮੋਟੇ ਤੌਰ ਤੇ ਅਮਰੀਕਾ ਦੇ ਭੂਗੋਲਿਕ ਰਾਜਨੀਤਕ ਮਨਸੂਬਿਆ ਨਾਲ ਜੁੜੀ ਰਹੀ ਹੈ। ਪਿਛਲੇ 7-ਸਾਲਾਂ ਵਿੱਚ ਭਾਰਤ ਨੇ ਅਮਰੀਕਾ ਤੋਂ 15-ਬਿਲੀਅਨ ਡਾਲਰ ਦੇ ਹਥਿਆਰ ਖਰੀਦੇ ਹਨ। ਪਰ ਪਿਛਲੇ ਕੁਝ ਦਿਨਾਂ ਤੋਂ ਹੁਣ ਨਿਰਯਾਤ 'ਤੇ ਟੈਕਸ ਅਤੇ ਟੈਰਿਫ ਦੇ ਮੁੱਦੇ 'ਤੇ ਟਰੰਪ ਦਾ ਰੁੱਖ ਭਾਰਤ ਪ੍ਰਤੀ ਅਲੱਗ ਹੀ ਨਹੀਂ ਸਗੋਂ ਹਮਲਾਵਰੀ ਵੀ ਦਿਸ ਰਿਹਾ ਹੈ। ਉਸ ਦਾ ਕਾਰਨ ਦੁਨੀਆ ਅੰਦਜ ਸਾਮਰਾਜੀ ਅਮਰੀਕਾ ਦੀ ਅਰਥ-ਵਿਵੱਸਥਾ ਦੀ ਸਥਿਤੀ ਅੰਦਰ ਆਈ ਡਾਵਾਂਡੋਲਤਾ ਵੀ ਹੈ। ਹੁਣ ਟਰੰਪ ਨੇ ਆਪਣੇ ਵਾਪਾਰ ਸਬੰਧਾਂ ਅੰਦਰ ਕਾਫੀ ਬਦਲਾਅ ਕਰਕੇ ਆਪਣੀਅ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਟੈਰਿਫ ਦਰਾਂ 'ਚ ਅਥਾਹ ਵਾਧਾ ਐਲਾਨਿਆ ਹੈ।

ਭਾਰਤ ਕਿਉਂਕਿ ਤੇਲ ਅਤੇ ਹਥਿਆਰ ਰੂਸ ਪਾਸੋਂ ਖਰੀਦਦਾ ਹੈ ਅਤੇ ਦੋਨੋਂ ਦੇਸ਼ਾਂ ਦੇ ਕੁਠ ਖੇਤਰਾਂ 'ਚ ਮਜ਼ਬੂਤ ਸਬੰਧਾਂ ਕਾਰਨ, 'ਅਮਰੀਕਾ ਨੇ ਬਖਲਾਕੇ ਭਾਰਤ 'ਤੇ 25-ਫਰ 'ਤੇ ਟੈਰਿਫ ਥੋਪਿਆ ਸੀ। ਬਹਾਨਾ ਇਹ ਬਣਾ ਰਿਹਾ ਹੈ, 'ਕਿ ਭਾਰਤ ਤੇ ਰੂਸ ਦੀ ਆਰਥਿਕਤਾ ਮਰੀ ਹੋਈ ਭਾਵ ਡੁੱਬ ਰਹੀ ਹੈ। ਹੁਣ ਉਹ ਵਧਾ ਕੇ 50-ਫੀਸਦ ਕਰਨ ਦਾ ਐਲਾਨ ਕਰ ਦਿੱਤਾ ਹੈ। ਮੋਦੀ ਦੇ ਹੇਜਲੇ ਟਰੰਪ ਨੇ ਹੋਰ ਕਈ ਢੁੱਚਰਾ ਵੀ ਢਾਹੀਆ ਹਨ। ਪਰ ਇਹ ਵੀ ਐਲਾਨਿਆ ਕਿ ਭਾਰਤ-ਅਮਰੀਕਾ ਮਿੱਤਰ ਹਨ। ਪਰ ਭਾਰਤ ਨੇ ਸਾਡੇ ਨਾਲ ਘੱਟ ਵਾਪਾਰ ਕੀਤਾ ਹੈ। ਭਾਵੇਂ ਅਮਰੀਕਾ ਨੇ 70 ਤੋਂ ਵੱਧ ਦੇਸ਼ਾਂ ਤੇ 10-ਫੀ ਸਦ ਤੋਂ 41-ਫੀਸਦ ਤਕ (ਇਚਿਪਰੋਚਓਲ) ਦੋ ਤਰਫ਼ਾ ਆਪਸੀ ਟੈਰਿਫ ਲਾਉਣ ਦਾ ਵੀ ਐਲਾਨ ਕੀਤਾ ਹੈ। ਭਾਰਤ ਦੇ ਗੁਵਾਂਢੀ ਦੇਸ਼ ਪਾਕਿਸਤਾਨ 'ਤੇ 19-ਫੀਸਦ ਟੈਰਿਫ਼ ਲਾਇਆ ਹੈ। ਇਹ ਵਾਪਾਰ ਟੈਕਸ ਕੀ ਹੁਣ ਗਲਬਾਤ ਰਾਹੀਂ ਘੱਟਣਗੇ ਜਾਂ ਦੋ ਦਰਫ਼ਾਂ ਟੈਕਸ ਦਬਾਅ ਅਧੀਨ ਹੋਰ ਸ਼ਕਲ ਅਖਤਿਆਰ ਕਰਨਗੇ, ਸਮਾਂ ਹੀ ਦੱਸੇਗਾ ?ਭਾਰਤ ਵਲੋਂ ਵੀ ਅਧਿਕਾਰਤ ਜਵਾਬੀ ਪ੍ਰਕਿਰਿਆ ਹੋਈ ਹੈ। ਭਾਰਤ; ਹੁਣ ਆਪਣੇ ਕੌਮੀ ਹਿਤਾਂ ਅਤੇ ਆਰਥਿਕ ਰੱਖਿਆ ਲਈ ਜ਼ਰੂਰੀ ਕਦਮ ਉਠਾਏਗਾ। ਇਹ ਵੀ ਕਿਹਾ ਕਿ ਸਾਡੇ ਤੇ ਅਲੋਚਨਾ ਕਰਨ ਵਾਲੇ ਖੁਦ ਰੂਸ ਨਾਲ ਵਾਪਾਰ ਕਰਦੇ ਹਨ। ਇਹ ਵਿਰੋਧੀਆਂ ਤੇ ਦਬਾਅ ਪਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਚੀਨ 'ਤੇ 145-ਫੀਸਦ ਟੈਕਸ ਐਲਾਨਿਆ, ਜਦ ਚੀਨ ਨੇ ਵੀ ਅੱਖਾਂ ਦਿਖਾਈਆਂ ਤਾਂ ਘੱਟ ਕਰਕੇ 35-ਫੀਸਦ ਕਰ ਦਿੱਤਾ।ਕੂਟਨੀਤਕ ਹਲਕਿਆ ਅੰਦਰ ਇਹ ਵੀ ਇਕ ਪੱਖ ਹੈ ਕਿ ਟਰੰਪ ਇਸ ਗੱਲੋਂ ਨਰਾਜ਼ ਹੈ ਕਿ ਭਾਰਤ-ਪਾਕਿ ਜੰਗਬੰਦੀ ਲਈ ਭਾਰਤ ਸਰਕਾਰ ਟਰੰਪ ਦੀ ਵਿਚੋਲਗੀ ਤੋਂ ਇਨਕਾਰੀ ਹੋ ਰਿਹਾ ਹੈ। ਸ਼ੀਤ ਯੁੱਧ ਦੇ ਸਮੇਂ ਤੋਂ ਅੱਜ ਤੱਕ ਅਮਰੀਕਾ ਨਾਲ ਭਾਰਤ ਦੇ ਸਬੰਧ ਕਈ ਵਾਰ ਖਰਾਬ ਹੋਏ ਤੇ ਖੱਟੇ-ਮਿੱਠੇ ਰਹੇ ਹਨ। ਅਟੱਲ-ਵਾਜਪਈ ਵੇਲੇ ਤੇ ਮਨਮੋਹਨ ਸਿੰਘ ਵੇਲੇ ਪ੍ਰਮਾਣੂ ਸੰਧੀ 'ਤੇ ਕਈ ਹੋਰ ਮੁਦਿਆਂ 'ਤੇ ਸਬੰਧ ਸੁਧਰੇ ਤੇ ਦੂਰੀਆਂ ਵੱਧੀਆ ਵੀ: ਪਿਛੇ ਜਿਹੇ ਹੀ ਮੋਦੀ ਸਰਕਾਰ ਦੇ ਗਲਿਆਰਿਆ ਅੰਦਰ ਟਰੰਪ ਨੂੰ ਸ਼ਾਂਤੀ ਨੋਬਲ ਪ੍ਰਾਇਜ਼ ਦੇਣ ਲਈ ਚਰਚਾ ਵੀ ਹੁੰਦੀ ਸੀ। ਟਰੰਪ ਵਲੋਂ ਮਿੱਤਰ ਦੱਸ ਕੇ ਟੈਰਿਫ਼ ਦਰਾਂ 'ਚ ਵਾਧਾ ਐਲਾਨ ਦਾ ਭਾਰਤ ਲਈ ਕਠੋਰ, ਗੈਰ-ਸਹਿਣਯੋਗ ਅਤੇ ਗੈਰ-ਮੁਦਰਿਕ ਵਾਪਾਰ ਰੋਕਾਂ ਹਨ। ਟਰੰਪ ਨੇ ਫਿਰ ਦੁਹਰਾਇਆ ਹੈ ਭਾਰਤ ਅਮਰੀਕਾ ਪ੍ਰਤੀ ਵਾਪਾਰ ਅੰਦਰ ਸੰਕੋਚ ਵਰਤ ਰਿਹਾ ਹੈ। ਉਹ ਰੂਸ ਨਾਲ ਵਾਪਾਰ ਅਤੇ ਤੇਲ ਲੈਣ ਲਈ ਨੇੜਤਾ ਜਾਰੀ ਰੱਖ ਰਿਹਾ ਹੈ। ਪਰ ਟਰੰਪ ਦਾ ਪਾਕਿ ਪ੍ਰਤੀ ਨਰਮ ਰਵੱਈਆ ਤੇ ਰੂਸ-ਭਾਰਤ ਡੈਡ-ਆਰਥਿਕਤਾ ਨੇ ਅਮਰੀਕਾ-ਭਾਰਤ ਸਬੰਧਾਂ ਤੇ ਪਾਣੀ ਫੇਰਨਾ ਤੇ ਰਾਜਨੀਤਕ ਸਬੰਧਾਂ ਨੂੰ ਫਿਕਾ ਕੀਤਾ ਹੈ। ਕੀ ਹੁਣ ਭਾਰਤ ਅਮਰੀਕਾ ਦੇ ਇਸ ਰਵੱਈਏ ਪ੍ਰਤੀ ਅਡਿੰਗ ਰਹਿ ਸੱਕੇਗਾ ?

ਭਾਰਤ ਆਪਣੀ ਤੇਲ ਦੀ ਜ਼ਰੂਰਤ ਪੂਰੀ ਕਰਨ ਲਈ 2021-22 'ਚ ਰੂਸ ਤੋਂ 2.10-ਫੀਸਦ ਤੇਲ ਖਰੀਦਦਾ ਸੀ ਜੋ 2022-23 'ਚ 19.10-ਫੀਸਦ, 2023-24 'ਚ ਇਹ ਵਾਧਾ 33.40-ਫੀ ਸਦ ਅਤੇ 2024-25 ਤਕ ਇਹ ਵੱਧ ਕੇ 35.10ਫੀ ਸਦ ਪੁੱਜ ਗਿਆ ਸੀ। ਇਸ ਤੋਂ ਬਿਨਾਂ ਭਾਰਤ ਇਰਾਕ, ਇਰਾਨ, ਅਰਬ ਅਤੇ ਹੋਰ ਦੇਸ਼ਾਂ ਤੋਂ ਵੀ ਜ਼ਰੂਰਤ ਲਈ ਤੇਲ ਖਰੀਦ ਰਿਹਾ ਹੈ। ਭਾਰਤ ਨੇ ਅਮਰੀਕਾ ਤੋਂ ਸਾਲ 2024-25 ਦੁਰਾਨ 4.60-ਫੀ ਤੇਲ ਖਰੀਦਿਆ ਸੀ। ਹਰ ਸਾਲ ਭਾਰਤ 11 ਲੱਖ ਕਰੋੜ ਰੁਪਏ ਦਾ ਪੈਟਰੋਲ ਤੇ ਡੀਜ਼ਲ ਦੂਸਰੇ ਦੇਸ਼ਾਂ ਤੋਂ ਖਰੀਦਦਾ ਹੈ, ਜੋ 80ਫੀ ਸਦ ਸੀ। ਭਾਰਤ ਦਾ ਰੁਪਿਆ ਡਾਲਰ ਦੇ ਮੁਕਾਬਲੇ ਲਗਾਤਾਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਪਰ ਟਰੰਪ ਵਲੋਂ ਭਾਰਤ ਨੂੰ ਕੋਈ ਰਾਹਤ ਅਤੇ ਸਹੂਲਤ ਨਹੀਂ ਮਿਲ ਰਹੀ ਹੈ।ਫਿਰ ਭਾਰਤ ਅਮਰੀਕਾ ਤੋਂ ਮਹਿੰਗਾ ਤੇਲ ਕਿਉਂ ਖਰੀਦੇਗਾ? 50-ਫੀਸਦ ਟੈਰਿਫ ਭਾਰਤ ਤੇ ਲਗਾਉਣਾ ਇਹ ਸੁਝਾਅ ਕਿਉਂ ? ਟਰੰਪ ਅੱਜੇ ਹੋਰ ਜੁਰਮਾਨਾ ਲਾਉਣ ਲਈ ਕਹਿ ਰਿਹਾ ਹੈ। ਅਮਰੀਕਾ ਵਲੋਂ ਰੂਸ 'ਤੇ ਤੇਲ ਦੀਆਂ ਕੀਮਤਾਂ ਘੱਟ ਕਰਾਉਣ ਲਈ, ' ਟਰੰਪ ਦਾ ਇਹ ਇਕ ਢੰਗ ਹੈ। ਕਿਵੇਂ ਪੂਤਿਨ ਉਪਰ ਯੂਕਰੇਨ ਜੰਗ ਰੋਕਣ ਲਈ ਦਬਾਅ ਬਣਾਉਣਾ ਹੈ ? ਦੂਸਰੇ ਪਾਸੇ 2024 ਦੌਰਾਨ ਯੂਰਪੀ-ਸੰਘ ਦਾ ਰੂਸ ਨਾਲ ਵਾਪਾਰ 67.5 ਅਰਬ ਯੂਰੋ ਤਕ ਸੀ, ਜੋ ਫਰਟਾਲਾਈਜ਼ਰ, ਖਨਨ, ਕੈਮੀਕਲ, ਲੋਹਾ, ਸਟੀਲ, ਆਟੋਪਾਰਟ, ਯੂਰੇਨੀਅਮ ਗੈਸ ਆਦਿ ਖੇਤਰਾਂ ਅੰਦਰ ਹੋਇਆ।

ਅਮਰੀਕਾ ਅਤੇ ਯੂਰਪੀ ਸੰਘ ਦੇ ਉਨ੍ਹਾਂ ਯਤਨਾਂ ਦੀ ਭਾਰਤ ਨੇ ਅਲੋਚਨਾ ਕੀਤੀ ਹੈ ਜਿਹੜੇ ਭਾਰਤ ਦੀਆਂ ਰਿਫਾਈਨਰੀਆਂ ਨੂੰ ਬੰਦ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਦਾ ਆਯਾਤ ਗਲੋਬਲ ਮਾਰਕੀਟ ਦੇ ਹਲਾਤਾਂ ਅਨੁਸਾਰ ਜ਼ਰੂਰੀ ਹੈ। ਇਹ ਭਾਰਤ ਦਾ ਨਿਜੀ ਮਾਮਲਾ ਹੈ। ਭਾਰਤ ਨੇ ਆਪਣੀਆਂ ਲੋੜਾਂ ਅਨੁਸਾਰ ਆਯਾਤ-ਨਿਰਯਾਤ ਕਰਨਾ ਹੈ। ਇਸ ਨੂੰ ਰੋਕਣਾ ਕਈ ਪ੍ਰਕਾਰ ਦੀਆਂ ਉਲਝਨਾ ਪੈਦਾ ਕਰਨਾ ਹੋਵੇਗਾ ? ਤੇਲ ਅੱਜ ਦੁਨੀਆ ਅੰਦਰ ਇਕ ਯੁਧਨੀਤਕ ਹਥਿਆਰ ਹੈ। ਇਸ ਨੂੰ ਭਾਰਤ ਵਲੋ ਸੰਸਾਰ-ਵਿਆਪੀ ਘਟਨਾਕਰਮ ਅਤੇ ਭੂਗੋਲਿਕ-ਰਾਜਨੀਤਕ ਰਿਸ਼ਤਿਆ ਦੇ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਜਿਸ ਦਾ ਭਾਰਤ ਦੀ ਕੌਮੀ ਸਥਿਤੀ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਭਾਰਤ ਵਲੋਂ ਰੂਸ ਤੋਂ ਤੇਲ ਖਰੀਦਣਾਂ ਤੇ ਵਾਪਾਰ ਵਧਾਉਣਾ ਦੋਨੋ ਦੇਸ਼ਾਂ ਦੇ ਹਿਤਾਂ ਵਿੱਚ ਹੈ ਜੋ ਅਮਰੀਕਾ ਨੂੰ ਭਾਉਂਦਾ ਨਹੀ ਹੈ।



ਜਗਦੀਸ਼ ਸਿੰਘ ਚੋਹਕਾ
91-9217997445
001-403-285-4208
ਹੁਸ਼ਿਆਰਪੁਰ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com